# ਸ਼ਰਤੀਆ ਯੋਗਤਾ ਲਈ
# ਢੁਕਵੇਂ ਦਸਤਾਵੇਜ਼

## ਭੂਮਿਕਾ

ਕੁਝ ਮਾਮਲਿਆਂ ਵਿੱਚ Washington Healthplanfinder™ ਨੂੰ ਕਵਰੇਜ ਵਿੱਚ ਨਾਂ ਰਜਿਸਟਰ ਕਰਨ ਲਈ ਤੁਹਾਡੇ ਪਰਿਵਾਰ ਬਾਰੇ ਪੁਸ਼ਟੀ ਕਰਨ ਵਾਸਤੇ ਹੋਰ ਜਾਣਕਾਰੀ ਦੀ ਲੋੜ ਪੈਂਦੀ ਹੈ। ਇੰਜ ਉਸ ਸਮੇਂ ਹੁੰਦਾ ਹੈ, ਜੇ ਤੁਹਾਡੀ ਅਰਜ਼ੀ ਦੀ ਜਾਂਚ ਕਰਨ ਵਾਲੇ ਸਿਸਟਮ ਤੁਹਾਡੀ ਕੁਝ-ਕੁ ਜਾਣਕਾਰੀ ਦੀ ਪੁਸ਼ਟੀ ਨਹੀਂ ਕਰ ਸਕਦੇ। Washington Healthplanfinder ਨੂੰ ਜਾਣਕਾਰੀ ਮੁਹੱਈਆ ਕਰਾਉਣ ਲਈ ਢੁਕਵੇਂ ਦਸਤਾਵੇਜ਼ ਦੀਆਂ ਕਿਸਮਾਂ ਦੀ ਪੂਰੀ ਸੂਚੀ ਵੇਖਣ ਲਈ ਹੇਠਾਂ ਦਿੱਤੇ ਹਿੱਸਿਆਂ ਦੀ ਵਰਤੋਂ ਕਰੋ।

## ਤਤਕਰਾ


ਭੂਮਿਕਾ ..... 1
ਆਮਦਨ ਅਤੇ ਕਟੌਤੀਆਂ ਦਾ ਸਬੂਤ ..... 2
ਕਾਨੂੰਨੀ ਮੌਜੂਦਗੀ ਦਾ ਸਬੂਤ ..... 4
ਨਾਗਰਿਕਤਾ ਅਤੇ ਅਮਰੀਕੀ ਕੌਮੀਅਤ ਦਾ ਸਬੂਤ ..... 11
ਕਿਸੇ ਹੋਰ ਸਿਹਤ ਬੀਮਾ ਕਵਰੇਜ ਦਾ ਸਬੂਤ ਨਹੀਂ ਹੈ ..... 13
ਜੇਲ੍ਹ ਵਿੱਚ ਬੰਦ ਨਾ ਹੋਣ ਸਬੰਧੀ ਸਬੂਤ ..... 13
ਸੋਸ਼ਲ ਸਿਕਿਓਰਿਟੀ ਨੰਬਰ ਦਾ ਸਬੂਤ (SSN) ..... 14
ਕਬਾਇਲੀ ਮੈਂਬਰਸ਼ਿਪ ਦਾ ਸਬੂਤ ..... 14



ਸੋਧਿਆ ਗਿਆ ਨਵੰਬਰ 2024

Translation ID: LA-226-4531140_Nov2024_Punjabi

# ਆਮਦਨ ਅਤੇ ਕਟੌਤੀਆਂ ਦਾ ਸਬੂਤ

## ਕਮਾਈ ਗਈ ਆਮਦਨ - ਗੈਰ-ਮੁਲਾਜ਼ਮਾਂ ਨੂੰ ਦਿੱਤੇ ਜਾਂਦੇ ਮੁਆਵਜ਼ੇ ਦੇ ਉਲਟ ਮੁਲਾਜ਼ਮਾਂ ਦੀਆਂ ਉਜਰਤਾਂ

- ਤਨਖ਼ਾਹ ਦੀ ਸਲਿਪ। ਇਸ ਵਿੱਚ ਹੇਠਾਂ ਦਿੱਤੀ ਜਾਣਕਾਰੀ ਜ਼ਰੂਰ ਸ਼ਾਮਿਲ ਹੋਣੀ ਚਾਹੀਦੀ ਹੈ:
    - ਸ਼ਖ਼ਸ ਦਾ ਪੂਰਾ ਨਾਂ ਜਾਂ ਸ਼ਖ਼ਸ ਨਾਲ ਜੁੜੀ ਕੋਈ ਹੋਰ ਸ਼ਨਾਖ਼ਤੀ ਜਾਣਕਾਰੀ।
    - ਆਮਦਨ ਦੀ ਰਕਮ।
    - ਭੁਗਤਾਨ ਦੀ ਤਾਰੀਖ਼ ਨਾਲ ਤਨਖ਼ਾਹ ਦੀ ਮਿਆਦ ਜਾਂ ਤਨਖ਼ਾਹ ਦੇ ਸਮੇਂ ਦਾ ਚੱਕਰ।
    - ਪਿਛਲੇ ਸਾਲ ਤੋਂ ਮੂਲ 1040 ਨਾਲ ਫ਼ੈਡਰਲ/ਸਟੇਟ ਆਮਦਨ ਫ਼ਾਰਮ 1040, 1040NR, 1040A, 1040EZ, 1040PC, 1040X, ਸ਼ੈਡਿਊਲ EIt ਨਾਲ 1040, ਇਸ ਵਿੱਚ ਸ਼ਖ਼ਸ ਦਾ ਪੂਰਾ ਨਾਂ, ਆਮਦਨ ਦੀ ਰਕਮ ਅਤੇ ਟੈਕਸ ਸਾਲ ਜ਼ਰੂਰ ਸ਼ਾਮਿਲ ਹੋਣਾ ਚਾਹੀਦਾ ਹੈ।
- ਉਜਰਤਾਂ ਅਤੇ ਟੈਕਸ ਸਟੇਟਮੈਂਟ (W-2 ਅਤੇ/ਜਾਂ 1099, ਇਸ ਵਿੱਚ 1099 MISC, 1099G, 1099R, 1099SSA, 1099DIV, 1099SS, 1099INT) ਸ਼ਾਮਿਲ ਹਨ।
    - ਇਸ ਵਿੱਚ ਸ਼ਖ਼ਸ ਦਾ ਪਹਿਲਾ ਅਤੇ ਅੰਤਮ ਨਾਂ, ਆਮਦਨ ਦੀ ਰਕਮ, ਸਾਲ ਅਤੇ ਰੋਜ਼ਗਾਰਦਾਤਾ ਦਾ ਨਾਂ (ਜੇ ਲਾਗੂ ਹੈ) ਜ਼ਰੂਰ ਸ਼ਾਮਿਲ ਹੋਣਾ ਚਾਹੀਦਾ ਹੈ।
- ਰੋਜ਼ਗਾਰਦਾਤਾ ਦੀ ਸਟੇਟਮੈਂਟ ਜ਼ਰੂਰ ਸ਼ਾਮਿਲ ਹੋਣੀ ਚਾਹੀਦੀ ਹੈ:
    - ਰੋਜ਼ਗਾਰਸ਼ੁਦਾ ਸ਼ਖ਼ਸ ਦਾ ਨਾਂ।
    - ਰੋਜ਼ਗਾਰਦਾਤਾ ਦੇ ਦਸਤਖ਼ਤ ਅਤੇ ਤਾਰੀਖ਼।
- ਵਿਦੇਸ਼ੀ ਆਮਦਨ, ਤਨਖ਼ਾਹ ਦੀ ਸਲਿਪ ਜਾਂ ਹੋਰ ਦਸਤਾਵੇਜ਼।
    - ਡਾੱਲਰ ਦੇ ਰੋਜ਼ ਦੇ ਮੌਜੂਦਾ ਵਟਾਂਦਰੇ ਦੀ ਵਰਤੋਂ ਕਰੋ।

## ਕਮਾਈ ਗਈ ਆਮਦਨ – ਸਵੈ-ਰੋਜ਼ਗਾਰ (ਇਸ ਵਿੱਚ ਖੇਤਾਂ ਤੋਂ ਹੋਈ ਆਮਦਨ ਸ਼ਾਮਿਲ ਹੈ)

- ਸਵੈ-ਰੋਜ਼ਗਾਰ ਬਾਰੇ ਵਹੀ-ਖਾਤੇ ਸਬੰਧੀ ਦਸਤਾਵੇਜ਼ (ਸ਼ੈਡਿਊਲ C, ਬਿਲਕੁਲ ਹਾਲੀਆ ਤਿਮਾਹੀ ਜਾਂ ਸਾਲ-ਦਰ-ਤਾਰੀਖ਼ ਦੇ ਲਾਭ ਅਤੇ ਘਾਟੇ ਦੀ ਸਟੇਟਮੈਂਟ ਜਾਂ ਸਵੈ-ਰੋਜ਼ਗਾਰ ਵਹੀ-ਖਾਤਾ ਹੋ ਸਕਦਾ ਹੈ)।
    - ਇਸ ਵਿੱਚ ਵਿਅਕਤੀ ਦਾ ਪਹਿਲਾ ਅਤੇ ਅੰਤਮ ਨਾਂ, ਕੰਪਨੀ ਦਾ ਨਾਂ ਅਤੇ ਆਮਦਨ ਦੀ ਰਕਮ ਜ਼ਰੂਰ ਸ਼ਾਮਿਲ ਹੋਣੀ ਚਾਹੀਦੀ ਹੈ।
    - ਸਵੈ-ਰੋਜ਼ਗਾਰ ਦੇ ਵਹੀ-ਖਾਤੇ ਵਿੱਚ ਹਿਸਾਬ-ਕਿਤਾਬ ਵਿਚਲੀਆਂ ਦਰਜ ਕੀਤੀਆਂ ਗਈਆਂ ਤਾਰੀਖ਼ਾਂ ਅਤੇ ਲਾਭ/ਨੁਕਸਾਨ ਤੋਂ ਹੋਣ ਵਾਲੀ ਨਿਰੋਲ ਆਮਦਨ ਸ਼ਾਮਿਲ ਹੋਣੀ ਚਾਹੀਦੀ ਹੈ।
- ਸ਼ੈਡਿਊਲ C, F, ਜਾਂ SE ਨਾਲ 1040 SE (ਸਵੈ-ਰੋਜ਼ਗਾਰ ਆਮਦਨ ਲਈ)।
- ਸ਼ੈਡਿਊਲ E ਨਾਲ 1065 ਸ਼ੈਡਿਊਲ K1
- ਟੈਕਸ-ਰਿਟਰਨ।

- ਸਾਰੇ ਮੰਜ਼ੂਰਸ਼ੁਦਾ ਖ਼ਰਚਿਆਂ ਲਈ ਹਿਸਾਬ-ਕਿਤਾਬ ਦੇ ਰਿਕਾੱਰਡ ਦੀਆਂ ਰਸੀਦਾਂ।
- ਬੈਂਕ ਦੀਆਂ ਸਟੇਟਮੈਂਟਾਂ (ਨਿਜੀ ਅਤੇ ਕਾਰੋਬਾਰ) ਅਤੇ ਰੱਦ ਕੀਤੇ ਗਏ ਚੈਕ।
- ਜੇ ਤੁਹਾਡੇ ਕੋਈ ਮੁਲਾਜ਼ਮ ਹਨ, ਤਾਂ ਸਮੇਂ ਸਬੰਧੀ ਦਸਤਖ਼ਤਸ਼ੁਦਾ ਸ਼ੀਟਾਂ ਅਤੇ ਤਨਖ਼ਾਹ ਦੀ ਰਸੀਦ।
- ਬਿਲਕੁਲ ਹਾਲੀਆ ਤਿਮਾਹੀ ਜਾਂ ਸਾਲ-ਦਰ-ਤਾਰੀਖ਼ ਦੇ ਲਾਭ ਅਤੇ ਨੁਕਸਾਨ ਦੀ ਸਟੇਟਮੈਂਟ।

## ਅਣਕਮਾਈ ਆਮਦਨ

- ਸਲਾਨਾ ਰਕਮ ਦੀ ਸਟੇਟਮੈਂਟ।
- ਕਿਸੇ ਵੀ ਸਰਕਾਰੀ ਜਾਂ ਨਿਜੀ ਸ੍ਰੋਤ ਤੋਂ ਮਿਲੀ ਪੈਨਸ਼ਨ ਦੀ ਵੰਡ ਬਾਰੇ ਸਟੇਟਮੈਂਟ।
- ਵਰਕਰ ਦੇ ਮੁਆਵਜ਼ੇ ਬਾਰੇ ਚਿੱਠੀ।
- ਇਨਾਮ, ਸਮਝੌਤੇ ਅਤੇ ਅਵਾਰਡ, ਇਸ ਵਿੱਚ ਮਿਲਿਆ ਹੋਇਆ ਗੁਜਾਰਾ- ਭੱਤਾ ਅਤੇ ਅਦਾਲਤ ਵਲੋਂ ਦਿੱਤੇ ਗਏ ਆਦੇਸ਼ ਵਾਲਾ ਅਵਾਰਡ-ਪੱਤਰ।
- ਤੋਹਫ਼ਿਆਂ ਅਤੇ ਯੋਗਦਾਨਾ (ਹਿੱਸਿਆਂ) ਦਾ ਸਬੂਤ।
- ਵਿਰਸੇ ਵਿੱਚ ਮਿਲੀ ਨਗਦ ਰਕਮ ਜਾਂ ਸੰਪਤੀ ਦਾ ਸਬੂਤ।
- ਹੜਤਾਲ ਦੀ ਤਨਖ਼ਾਹ ਅਤੇ ਯੂਨੀਅਨਾਂ ਤੋਂ ਹੋਰ ਲਾਭਾਂ ਦਾ ਸਬੂਤ।
- ਵਿਅਕਤੀ ਦੀ ਮਾਲਕੀ ਵਾਲੀਆਂ ਵਸਤਾਂ ਦੀ ਵਿਕਰੀ, ਵਟਾਂਦਰੇ ਜਾਂ ਉਸਦੇ ਬਦਲੇ ਮਿਲੀ ਰਕਮ ਦੀਆਂ ਰਸੀਦਾਂ ਜਾਂ ਹੋਰ ਸਬੂਤ।
- ਵਿਆਜ ਅਤੇ ਲਾਭ-ਅੰਸ਼ ਦੀ ਆਮਦਨ ਦੀ ਸਟੇਟਮੈਂਟ।
- ਕਰਜ਼ੇ ਦੇ ਅਮਲ ਨੂੰ ਦਰਸਾਉਣ ਵਾਲੀ ਕਰਜ਼ੇ ਦੀ ਸਟੇਟਮੈਂਟ।
- ਰਾੱਇਲਟੀ ਤੋਂ ਆਮਦਨ ਦੀ ਸਟੇਟਮੈਂਟ ਜਾਂ 1099-MISC.
- ਬੋਨਸ/ਇੰਸੈਂਟਿਵ (ਹੌਸਲਾ ਵਧਾਉਣ ਲਈ) ਦੇ ਭੁਗਤਾਨਾਂ ਦਾ ਸਬੂਤ (ਜਿਵੇਂ ਬੈਂਕ ਸਟੇਟਮੈਂਟ ਦੀ ਚਿੱਠੀ, ਜਿਸ ਵਿੱਚ ਜਮ੍ਹਾ ਰਕਮ ਦਰਸਾਈ ਜਾਂਦੀ ਹੈ)।
- ਅਲਹਿਦਗੀ ਦੇ ਭੁਗਤਾਨ ਦਾ ਸਬੂਤ।
- ਤਨਖ਼ਾਹ ਦੀ ਸਲਿਪ ਬਿਮਾਰ ਹੋਣ ਵੇਲੇ ਦੀ ਤਨਖ਼ਾਹ ਦਰਸਾਉਂਦੀ ਹੈ।
- ਰੱਦ ਕੀਤੇ ਗਏ ਮੁਆਵਜ਼ੇ ਦੇ ਭੁਗਤਾਨਾਂ ਦੀ ਚਿੱਠੀ, ਜਮ੍ਹਾ ਰਕਮ ਜਾਂ ਹੋਰ ਸਬੂਤ।
- ਤਨਖ਼ਾਹ ਦੀ ਸਲਿਪ ਕੋਈ ਬਦਲ/ਸਹਾਇਕ ਤਨਖ਼ਾਹ ਦਰਸਾਉਂਦੀ ਹੈ।
- ਤਨਖ਼ਾਹ ਦੀ ਸਲਿਪ ਵਿੱਚ ਛੁੱਟੀਆਂ ਦੀ ਤਨਖ਼ਾਹ ਦਰਸਾਈ ਜਾਂਦੀ ਹੈ।
- ਬਕਾਇਆ ਬਚੀ ਰਕਮ ਦਾ ਸਬੂਤ।
- ਸਫ਼ਰ/ਕਾਰੋਬਾਰ ਵਿੱਚ ਖ਼ਰਚ ਕੀਤੀ ਗਈ ਰਕਮ ਦੇ ਭੁਗਤਾਨ ਦੀ ਚਿੱਠੀ, ਜਮ੍ਹਾ ਰਕਮ ਜਾਂ ਹੋਰ ਸਬੂਤ।
- ਸਮਾਜਕ ਸੁਰੱਖਿਆ ਪ੍ਰਸ਼ਾਸਨ ਦੀਆਂ ਸਟੇਟਮੈਂਟਾਂ (ਸੋਸ਼ਲ ਸਿਕਿਓਰਿਟੀ ਦੇ ਲਾਭ ਸਬੰਧੀ ਚਿੱਠੀ)
    - ਰਿਟਾਇਰਮੈਂਟ, ਕਿਸੇ ਦੀ ਮੌਤ ਤੋਂ ਬਾਅਦ ਬਚੇ ਲੋਕਾਂ ਦਾ ਅਪਾਹਜ (ਅਪੰਗਤਾ) ਬੀਮਾ (RSDI), ਸੋਸ਼ਲ ਸਿਕਿਓਰਿਟੀ ਰਿਟਾਇਰਮੈਂਟ, ਸੋਸ਼ਲ ਸਿਕਿਓਰਿਟੀ ਅਪਾਹਜ (ਅਪੰਗਤਾ) ਬੀਮਾ (SSDI).
    - ਇਸ ਵਿੱਚ ਵਿਅਕਤੀ ਦਾ ਪਹਿਲਾ ਅਤੇ ਅੰਤਮ ਨਾਂ, ਲਾਭ ਦੀ ਰਕਮ ਅਤੇ ਤਨਖ਼ਾਹ ਦੇ ਸਮੇਂ ਦਾ ਚੱਕਰ ਸ਼ਾਮਿਲ ਹੋਣਾ ਚਾਹੀਦਾ ਹੈ।
- ਬੇਰੋਜ਼ਗਾਰੀ ਲਾਭ ਬਾਰੇ ਚਿੱਠੀ।
    - ਇਸ ਵਿੱਚ ਵਿਅਕਤੀ ਦਾ ਪਹਿਲਾ ਅਤੇ ਅੰਤਮ ਨਾਂ, ਸ੍ਰੋਤ/ਏਜੰਸੀ, ਲਾਭ ਦੀ ਰਕਮ ਅਤੇ ਮਿਆਦ (ਜੇ ਲਾਗੂ ਹੋਏ, ਤਾਂ ਸ਼ੁਰੂ ਅਤੇ ਖ਼ਤਮ ਹੋਣ ਦੀ ਤਾਰੀਖ਼) ਸ਼ਾਮਿਲ ਹੋਣੀ ਚਾਹੀਦੀ ਹੈ।

ਜੇ ਉਪਰ ਦਿੱਤਿਆਂ ਵਿੱਚੋਂ ਕੋਈ ਵੀ ਉਪਲਬਧ ਨਹੀਂ ਹੈ, ਤਾਂ https://www.wahealthplanfinder.org/content/dam/wahbe-assets/materials/exception-to-verification-for-income/HBE_NC_022024_EN_Exception_To_Eligibility_Income_Form.pdf 'ਤੇ ਵਿਸ਼ੇਸ਼ ਸਥਿਤੀਆਂ ਵਿੱਚ ਯੋਗਤਾ ਦੀ ਪੁਸ਼ਟੀ ਕਰਨ ਤੋਂ ਛੋਟ ਮਿਲ ਸਕਦੀ ਹੈ।

# ਕਾਨੂੰਨੀ ਮੌਜੂਦਗੀ ਦਾ ਸਬੂਤ

## ਕਾਨੂੰਨੀ ਤੌਰ 'ਤੇ ਪੱਕੇ ਵਸਨੀਕ (LPR/ Green Card-ਧਾਰਕ)

- ਪੱਕਾ ਰਿਹਾਇਸ਼ੀ ਕਾਰਡ ਜਾਂ "Green Card" (ਗ੍ਰੀਨ ਕਾਰਡ) (I-551)।
- ਆਰਜ਼ੀ I-551 ਮੁਹਰ, ਫ਼ਾਰਮ I-94/I-94A 'ਤੇ ਜਾਂ ਵਿਦੇਸ਼ੀ ਪਾਸਪੋਰਟ 'ਤੇ।
- ਆਰਜ਼ੀ I-551 ਭਾਸ਼ਾ ਵਾਲਾ ਮਸ਼ੀਨ ਰਾਹੀਂ ਪੜ੍ਹਿਆ ਜਾਣ ਵਾਲਾ ਵੀਜ਼ਾ।
- ਮੁੜ-ਐਂਟਰੀ ਬਾਰੇ ਪਰਮਿਟ (I-327)।
- ਆਮਦ/ਰਵਾਨਗੀ ਦਾ ਰਿਕਾੱਰਡ (I-94) (LPR ਵਜੋਂ ਦਾਖ਼ਲ ਹੋਣ ਲਈ ਮੁਹਰ ਦਰਸਾਉਂਦਾ ਹੈ)।
- ਵਿਦੇਸ਼ੀ ਪਾਸਪੋਰਟ ਵਿੱਚ ਆਮਦ/ਰਵਾਨਗੀ ਦਾ ਰਿਕਾੱਰਡ (I-94) ((LPR ਵਜੋਂ ਦਾਖ਼ਲ ਹੋਣ ਲਈ ਮੁਹਰ ਦਰਸਾਉਂਦਾ ਹੈ)।
- ਹੋਮਲੈਂਡ ਸਿਕਿਓਰਿਟੀ ਵਿਭਾਗ (DHS) ਵਲੋਂ ਜਾਰੀ ਕੀਤਾ ਗਿਆ ਆਦੇਸ਼, ਇਮੀਗ੍ਰੇਸ਼ਨ ਦੀਆਂ ਅਪੀਲਾਂ ਬਾਰੇ ਬੋਰਡ ਜਾਂ ਇਮੀਗ੍ਰੇਸ਼ਨ ਜੱਜ ਵਲੋਂ ਰਜਿਸਟਰੀ ਦੇਣਾ, ਦੇਸ਼-ਨਿਕਾਲੇ ਨੂੰ ਰੱਦ ਕਰਨਾ, ਹਟਾਏ ਜਾਣ ਨੂੰ ਰੱਦ ਕਰਨਾ ਜਾਂ ਇਮੀਗ੍ਰੇਸ਼ਨ ਦੇ ਦਰਜੇ ਦਾ ਤਾਲਮੇਲ ਬਿਠਾਉਣਾ।
- USCIS ਤੋਂ ਮਿਲੀ ਰਸੀਦ ਵਿੱਚ ਦਰਸਾਇਆ ਗਿਆ ਹੈ ਕਿ ਫ਼ਾਰਮ I-90, LPR ਬਦਲਣ ਵਾਲੇ ਕਾਰਡ ਲਈ ਅਰਜ਼ੀ ਦਾਇਰ ਕੀਤੀ ਗਈ ਹੈ।

## **ਪਨਾਹ ਲੈਣ ਵਾਲੇ** – ਸਿਰਫ਼ ਉਹ ਵਿਅਕਤੀ, ਜਿਹਨਾਂ ਨੂੰ ਰੋਜ਼ਗਾਰ ਦਾ ਅਖ਼ਤਿਆਰ ਦਿੱਤਾ ਗਿਆ ਹੈ ਜਾਂ ਜਿਹਨਾਂ ਦੀ ਉਮਰ 14 ਸਾਲ ਤੋਂ ਘੱਟ ਹੈ।

- ਆਮਦ/ਰਵਾਨਗੀ ਦਾ ਰਿਕਾੱਰਡ (I-94) (ਸ਼ਰਣ ਵਾਲੀ ਥਾਂ, "ਪਨਾਹ ਲੈਣ ਵਾਲਾ/ਵਾਲੀ" ਜਾਂ "§208" ਦੇਣ ਨੂੰ ਦਰਸਾਉਣ ਵਾਲੀ ਮੁਹਰ)।
- ਵਿਦੇਸ਼ੀ ਪਾਸਪੋਰਟ ਵਿੱਚ ਆਮਦ/ਰਵਾਨਗੀ ਦਾ ਰਿਕਾੱਰਡ (I-94) (ਸ਼ਰਣ, "ਪਨਾਹ ਲੈਣ ਵਾਲਾ/ਵਾਲੀ" ਜਾਂ "§208" ਦੇਣ ਨੂੰ ਦਰਸਾਉਣ ਵਾਲੀ ਮੁਹਰ)।
- USCIS, DHS, ਇਮੀਗ੍ਰੇਸ਼ਨ ਜੱਜ, ਇਮੀਗ੍ਰੇਸ਼ਨ ਦੀਆਂ ਅਪੀਲਾਂ ਬਾਰੇ ਬੋਰਡ ਜਾਂ ਫ਼ੈਡਰਲ ਅਦਾਲਤ ਵਲੋਂ ਪਨਾਹ ਦੇਣ ਦਾ ਆਦੇਸ਼।
- ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) ("A5" ਵਜੋਂ ਵਿਆਖਿਆ ਕੀਤੀ ਗਈ ਹੈ)।
- ਸ਼ਰਣਾਰਥੀ ਦਾ ਸਫ਼ਰ ਸਬੰਧੀ ਦਸਤਾਵੇਜ਼ (I-571).
- ਪੱਕਾ ਰਿਹਾਇਸ਼ੀ ਕਾਰਡ, "Green Card" (ਗ੍ਰੀਨ ਕਾਰਡ) (I-551) ("AS1," "AS2," "AS3," "AS4," "AS5," "AS6," "AS7" "AS8," "GA6," "GA7," "GA8" ਵਜੋਂ ਵਿਆਖਿਆ ਕੀਤੀ ਗਈ ਹੈ)।
    - ਧਿਆਨ ਦਿਓ: I-551 ਵਿਆਖਿਆ LPR ਵਿੱਚ ਤਾਲਮੇਲ ਬਿਠਾਉਣ ਤੋਂ ਪਹਿਲਾਂ ਦੀ ਸਥਿਤੀ ਨੂੰ ਦਰਸਾਉਂਦੀ ਹੈ, ਜਿਸਦੀ ਸਿਰਫ਼ ਪਨਾਹ ਮੰਗਣ ਵਾਲਿਆਂ ਲਈ 5-ਸਾਲ ਦੀ ਮਿਆਦ ਤੋਂ ਛੋਟ ਲਈ ਬਹੁਤ ਅਹਿਮੀਅਤ ਹੈ।

## ਸ਼ਰਣਾਰਥੀ

- ਆਮਦ/ਰਵਾਨਗੀ ਦਾ ਰਿਕਾੱਰਡ (I-94/I-94A) ("ਸ਼ਰਣਾਰਥੀ" ਜਾਂ "§207" ਦੀ ਮੁਹਰ ਲੱਗੀ ਹੋਈ ਹੈ)।
- ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) (A3" ਵਜੋਂ ਵਿਆਖਿਆ ਕੀਤੀ ਗਈ ਹੈ)।
- ਸ਼ਰਣਾਰਥੀ ਦਾ ਸਫ਼ਰ ਸਬੰਧੀ ਦਸਤਾਵੇਜ਼ (I-571).
- ਪੱਕਾ ਰਿਹਾਇਸ਼ੀ ਕਾਰਡ, "Green Card" (ਗ੍ਰੀਨ ਕਾਰਡ) (I-551) ("RE6," "RE7," "RE8," ਜਾਂ "RE9" ਵਜੋਂ ਵਿਆਖਿਆ ਕੀਤੀ ਜਾ ਸਕਦੀ ਹੈ)।
    - ਧਿਆਨ ਦਿਓ: ਇਹ ਵਿਆਖਿਆ LPR ਵਿੱਚ ਤਾਲਮੇਲ ਬਿਠਾਉਣ ਤੋਂ ਪਹਿਲਾਂ ਦੀ ਸਥਿਤੀ ਨੂੰ ਉਜਾਗਰ ਕਰਦੀ ਹੈ, ਜਿਸਦੀ ਸਿਰਫ਼ ਸ਼ਰਣਾਰਥੀਆਂ ਲਈ 5-ਸਾਲ ਦੀ ਮਿਆਦ ਲਈ ਛੋਟ ਲਈ ਬਹੁਤ ਅਹਿਮੀਅਤ ਹੈ।
- ਰੋਜ਼ਗਾਰ ਦੇ ਅਖ਼ਤਿਆਰਨਾਮੇ ਲਈ ਅਰਜ਼ੀ (I-765) ਜਾਂ ਅਰਜ਼ੀ ਦਾਇਰ ਕਰਨ ਬਾਰੇ ਦਰਸਾਉਣ ਵਾਲੀ USCIS ਤੋਂ ਰਸੀਦ।

## 1980 ਤੋਂ ਪਹਿਲਾਂ ਨਵੇਂ ਮੈਂਬਰ (CE) ਨੂੰ ਸ਼ਰਤੀਆ ਮੰਜ਼ੂਰੀ ਦਿੱਤੀ ਗਈ ਸੀ।

ਧਿਆਨ ਦਿਓ: ਇਹ 1980 ਦੇ ਸ਼ਰਨਾਰਥੀ ਕਾਨੂੰਨ ਤੋਂ ਪਹਿਲਾਂ ਸ਼ਰਨਾਰਥੀਆਂ ਲਈ ਇਸਤੇਮਾਲ ਕੀਤਾ ਗਿਆ ਇਮੀਗ੍ਰੇਸ਼ਨ ਦਰਜਾ ਹੈ; ਬਹੁਤਿਆਂ ਨੇ LPRs ਅਪਣਾ ਲਈ ਹੈ, ਹਾਲਾਂਕਿ ਕੁਝ ਇੱਕ ਨੇ CE ਦਰਜੇ ਨੂੰ ਬਣਾਈ ਰਖਿਆ ਹੈ।

- ਆਮਦ/ਰਵਾਨਗੀ ਦਾ ਰਿਕਾੱਰਡ (I-94/I-94A) ("ਸ਼ਰਤੀਆ ਨਵੇਂ ਆਉਣ ਵਾਲੇ" "ਸ਼ਰਣਾਰਥੀ-ਸ਼ਰਤੀਆ ਨਵੇਂ ਆਉਣ ਵਾਲੇ" "ਸਤਵੀਂ ਤਰਜੀਹ", "§203(a)(7)" ਜਾਂ "P7") ਵਜੋਂ ਦਰਜੇ ਨੂੰ ਦਰਸਾਉਂਦਾ ਹੈ।
- ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) (A3" ਵਜੋਂ ਵਿਆਖਿਆ ਕੀਤੀ ਗਈ ਹੈ)।
- ਪੱਕੇ ਵਸਨੀਕ ਦਾ ਕਾਰਡ ਜਾਂ "Green Card" (ਗ੍ਰੀਨ ਕਾਰਡ) (I-551) ("R86" ਵਜੋਂ ਵਿਆਖਿਆ ਕੀਤੀ ਜਾ ਸਕਦੀ ਹੈ)।
    - ਧਿਆਨ ਦਿਓ: ਇਹ ਵਿਆਖਿਆ LPR ਵਿੱਚ ਤਾਲਮੇਲ ਬਿਠਾਉਣ ਤੋਂ ਪਹਿਲਾਂ ਦੇ ਦਰਜੇ ਨੂੰ ਉਜਾਗਰ ਕਰਦੀ ਹੈ, ਜਿਸਦੀ ਸਿਰਫ਼ ਨਵੇਂ ਆਉਣ ਵਾਲੇ ਲੋਕਾਂ ਲਈ ਸ਼ਰਤੀਆ 5-ਸਾਲ ਦੀ ਮਿਆਦ ਦੀ ਛੋਟ ਲਈ ਬਹੁਤ ਅਹਿਮੀਅਤ ਹੈ।

## ਅਜਿਹੇ ਵਿਅਕਤੀ, ਜਿਹਨਾਂ ਨੂੰ ਇਮੀਗ੍ਰੇਸ਼ਨ ਦੇ ਕਾਨੂੰਨਾਂ ਜਾਂ ਤਸ਼ੱਦਦ ਵਿਰੁੱਧ ਕਨਵੈਨਸ਼ਨ ਹੇਠ ਦੇਸ਼-ਨਿਕਾਲੇ ਤੋਂ ਛੋਟ ਦਿੱਤੀ ਗਈ ਹੈ ਜਾਂ ਹਟਾਉਣ ਤੋਂ ਛੋਟ ਨਹੀਂ ਦਿੱਤੀ ਗਈ

ਇਹ ਜਾਣਕਾਰੀ ਸਿਰਫ਼ ਰੋਜ਼ਗਾਰ ਦੇ ਅਖ਼ਤਿਆਰਪ੍ਰਾਪਤ ਲੋਕਾਂ ਲਈ ਹੈ।

- ਹਟਾਉਣ ਨੂੰ ਰੋਕਣ ਬਾਰੇ ਦਰਸਾਉਣ ਵਾਲਾ ਦਸਤਾਵੇਜ਼ (ਉਦਾਹਰਣ ਲਈ USCIS, DHS, ਇਮੀਗ੍ਰੇਸ਼ਨ ਜੱਜ, ਇਮੀਗ੍ਰੇਸ਼ਨ ਦੀਆਂ ਅਪੀਲਾਂ ਬਾਰੇ ਬੋਰਡ ਜਾਂ ਫ਼ੈਡਰਲ ਅਦਾਲਤ ਵਲੋਂ ਜਾਰੀ ਕੀਤੇ ਗਏ ਦੇਸ਼-ਨਿਕਾਲੇ/ਹਟਾਉਣ ਨੂੰ ਰੋਕਣ ਦਾ ਆਦੇਸ਼)।
- ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) ("A10" ਵਜੋਂ ਵਿਆਖਿਆ ਕੀਤੀ ਗਈ ਹੈ)।
- ਹੋਮਲੈਂਡ ਸਿਕਿਓਰਿਟੀ ਵਿਭਾਗ ਵਲੋਂ ਜਾਰੀ ਕੀਤੇ ਗਏ ਹਟਾਉਣ 'ਤੇ ਰੋਕ ਲਾਉਣ ਵਾਲਾ ਪ੍ਰਸ਼ਾਸਨੀ ਆਦੇਸ਼।
- ਆਮਦ/ਰਵਾਨਗੀ ਦਾ ਰਿਕਾੱਰਡ (I-94/I-94A) ("ਦੇਸ਼-ਨਿਕਾਲੇ ਨੂੰ ਰੋਕਣ", "§243(h)" ਜਾਂ "§241(b)(3)" ਦੀ ਮੁਹਰ ਲੱਗੀ ਹੋਈ ਹੈ)।
- ਸ਼ਰਣਾਰਥੀ ਦਾ ਸਫ਼ਰ ਸਬੰਧੀ ਦਸਤਾਵੇਜ਼ (I-571).

## ਵਿਅਕਤੀਆਂ ਨੂੰ ਘੱਟੋ-ਘੱਟ ਇੱਕ ਸਾਲ ਲਈ ਅਮਰੀਕਾ ਵਿੱਚ ਪੈਰੋਲ ਦਿੱਤਾ ਗਿਆ ਹੈ

- ਆਮਦ/ਰਵਾਨਗੀ ਰਿਕਾੱਰਡ (I-94/I-94A) ("ਪੈਰੋਲ" ਜਾਂ "PIP" ਜਾਂ "212(d)(5) ਜਾਂ ਪੈਰੋਲ ਦੇ ਦਰਜੇ ਨੂੰ ਦਰਸਾਉਣ ਵਾਲੀ ਕਿਸੇ ਹੋਰ ਭਾਸ਼ਾ ਵਾਲੀ ਮੁਹਰ ਨਾਲ)।
- ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) ("A4" ਜਾਂ "C11" ਵਜੋਂ ਵਿਆਖਿਆ ਕੀਤੀ ਗਈ ਹੈ)।
- ਰੋਜ਼ਗਾਰ ਦਾ ਅਖ਼ਤਿਆਰਨਾਮਾ ਅਤੇ ਅਗਾਊਂ ਪੈਰੋਲ ਕਾਰਡ (I-512) (ਫ਼ੈਡਰਲ ਨੇਮਾਂ ਦੇ ਟਾਈਟਲ 8 ਹੇਠ ਪੈਰੋਲ ਦਿੱਤੇ ਜਾਣ ਦੀ ਵਿਆਖਿਆ ਕੀਤੀ ਗਈ ਹੈ)।
- ਇਮੀਗ੍ਰੇਸ਼ਨ ਜੱਜ ਵਲੋਂ ਘੱਟੋ-ਘੱਟ ਇੱਕ ਸਾਲ ਲਈ ਪੈਰੋਲ ਦੇਣ ਦਾ ਨੋਟਿਸ ਜਾਂ ਅਦਾਲਤੀ ਹੁਕਮ।

## ਦੇਸ਼ ਵਿੱਚ ਆਉਣ ਵਾਲੇ ਕਿਊਬਿਆਈ ਜਾਂ ਹੈਤੀਅਨ

- ਆਮਦ/ਰਵਾਨਗੀ ਰਿਕਾੱਰਡ (I-94/I-94A) (ਦੇਸ਼ ਵਿੱਚ ਆਉਣ ਵਾਲੇ "ਕਿਊਬਿਆਈ/ਹੈਤੀਅਨ" ਨੂੰ ਦਰਸਾਉਣ ਵਾਲੀ ਮੁਹਰ ਜਾਂ §212(d)(5) ਹੇਠ ਦਰਸਾਉਣ ਵਾਲੀ ਕੋਈ ਹੋਰ ਟਿੱਪਣੀ, ਇਸ ਵਿੱਚ "CU6", "CU7" ਜਾਂ ਹੋਰਨਾਂ ਵਿੱਚ — 1980s ਤੋਂ ਬਹੁਤ ਹੀ ਘੱਟ "CH6" ਸ਼ਾਮਿਲ ਹੈ।
- ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) ("C8," ਜਾਂ "C11" ਵਜੋਂ ਵਿਆਖਿਆ ਕੀਤੀ ਗਈ ਹੈ)।
- ਆਰਜ਼ੀ I-551 ਮੁਹਰ (ਪਾਸਪੋਰਟ ਜਾਂ I-94/I-94A 'ਤੇ)।
- ਪੱਕਾ ਰਿਹਾਇਸ਼ੀ ਕਾਰਡ, "Green Card" (ਗ੍ਰੀਨ ਕਾਰਡ) (I-551) ("CU6," "CU7," "CU8" ਵਜੋਂ ਵਿਆਖਿਆ ਕੀਤੀ ਗਈ ਹੈ)।
  - ਧਿਆਨ ਦਿਓ: I-551 ਵਿਆਖਿਆ LPR ਵਿੱਚ ਤਾਲਮੇਲ ਬਿਠਾਉਣ ਤੋਂ ਪਹਿਲਾਂ ਦੇ ਦਰਜੇ ਨੂੰ ਉਜਾਗਰ ਕਰਦੀ ਹੈ, ਜਿਸਦੀ ਸਿਰਫ਼ ਦੇਸ਼ ਵਿੱਚ ਆਉਣ ਵਾਲੇ ਕਿਊਬਿਆਈ/ਹੈਤਿਆਈ ਲੋਕਾਂ ਲਈ ਸ਼ਰਤੀਆ 5-ਸਾਲ ਦੀ ਮਿਆਦ ਲਈ ਛੋਟ ਦੀ ਬਹੁਤ ਅਹਿਮੀਅਤ ਹੈ।
- ਪਨਾਹ ਲਈ ਅਰਜ਼ੀ ਦਾਇਰ ਕਰਨ ਜਾਂ ਵਿਚਾਰ-ਅਧੀਨ ਦਰਜੇ ਅਤੇ ਰੋਕ ਲਾਉਣ (I-589) ਨੂੰ ਦਰਸਾਉਣ ਵਾਲੀ ਰਸੀਦ ਜਾਂ ਨੋਟਿਸ।

## ਘਰੇਲੂ ਹਿੰਸਾ ਦੇ ਸ਼ਿਕਾਰ ਬਚੇ ਹੋਏ ਯੋਗ ਵਿਅਕਤੀ

ਮਾਤਾ ਜਾਂ ਪਿਤਾ ਅਤੇ/ਜਾਂ ਜੀਵਨ-ਸਾਥੀ ਦਾ ਬੱਚਾ ਜਾਂ ਉਹ ਬੱਚਾ, ਜਿਸ ਨਾਲ ਉਸੀ ਪਰਿਵਾਰ ਵਿਚਲੇ ਜੀਵਨ-ਸਾਥੀ, ਮਾਤਾ ਜਾਂ ਪਿਤਾ ਜਾਂ ਰਿਸ਼ਤੇਦਾਰ ਵਲੋਂ ਅਮਰੀਕਾ ਵਿੱਚ ਦੁਰਵਿਹਾਰ ਕੀਤਾ ਗਿਆ ਹੈ ਜਾਂ ਉਸ ਨੂੰ ਬਹੁਤ ਜ਼ਿਆਦਾ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਹੋਵੇ, ਜਿਹਨਾਂ ਲਈ ਔਰਤਾਂ ਖ਼ਿਲਾਫ਼ ਹਿੰਸਾ ਬਾਰੇ ਕਾਨੂੰਨ (VAWA) ਹੇਠ ਪਟੀਸ਼ਨ ਦਾਖ਼ਲ ਕਰ ਲਈ ਗਈ ਹੈ ਜਾਂ ਵਿਚਾਰ-ਅਧੀਨ ਹੋਵੇ:

(1) ਅਮਰੀਕੀ ਨਾਗਰਿਕ ਦੇ ਜੀਵਨ-ਸਾਥੀ ਜਾਂ ਬੱਚੇ ਵਜੋਂ ਦਰਜਾ,
(2) ਅਮਰੀਕਾ ਦੇ ਕਾਨੂੰਨੀ ਤੌਰ 'ਤੇ ਪੱਕੇ ਵਸਨੀਕ ਦੇ ਜੀਵਨ-ਸਾਥੀ ਜਾਂ ਬੱਚੇ ਵਜੋਂ ਦਰਜਾ,
(3) ਦੇਸ਼-ਨਿਕਾਲੇ ਨੂੰ ਮੁਅੱਤਲ ਕਰਨਾ ਜਾਂ
(4) ਹਟਾਉਣ ਨੂੰ ਰੱਦ ਕਰਨਾ।

- ਕਾਰਵਾਈ ਦਾ ਨੋਟਿਸ (I-797) (ਵਿਚਾਰ-ਅਧੀਨ "I-360" ਦਾ ਹਵਾਲਾ ਦਿੰਦਿਆਂ)।
- ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) ("A10," "C14," "C9," "C10," "C14" ਜਾਂ "C31" ਵਜੋਂ ਵਿਆਖਿਆ ਕੀਤੀ ਗਈ ਹੈ)।
- I-485 "ਪੱਕੀ ਰਿਹਾਇਸ਼ ਰਜਿਸਟਰ ਕਰਨ ਜਾਂ ਦਰਜੇ ਦਾ ਤਾਲਮੇਲ ਬਿਠਾਉਣ ਲਈ ਅਰਜ਼ੀ" ਦਾਇਰ ਕਰਨ ਵਾਲੀ ਰਸੀਦ ਜਾਂ ਹੋਰ ਸਬੂਤ।
- ਕੋਈ ਵੀ ਅਜਿਹਾ ਦਸਤਾਵੇਜ਼, ਜਿਹੜਾ ਦੇਸ਼-ਨਿਕਾਲੇ ਦੀ ਵਿਚਾਰ-ਅਧੀਨ ਮੁਅੱਤਲੀ ਜਾਂ ਹਟਾਉਣ ਨੂੰ ਰੱਦ ਕਰਨ ਦੇ ਮਾਮਲੇ ਨੂੰ ਦਰਸਾਉਂਦਾ ਹੋਵੇ, ਜਿਸ ਵਿੱਚ ਇਮੀਗ੍ਰੇਸ਼ਨ ਅਦਾਲਤ ਤੋਂ ਮਿਲੀ ਹੋਈ ਰਸੀਦ ਸ਼ਾਮਿਲ ਹੋਵੇ, ਜੋ ਦੇਸ਼ ਨਿਕਾਲੇ ਨੂੰ ਮੁਅੱਤਲ ਕਰਨ ਲਈ ਅਰਜ਼ੀ (EOIR-40) ਜਾਂ ਹਟਾਉਣ ਨੂੰ ਰੱਦ ਕਰਨ ਲਈ ਅਰਜ਼ੀ ਦਾਇਰ ਕਰਨ ਲਈ ਅਰਜ਼ੀ (EOIR-42) ਨੂੰ ਦਰਸਾਉਂਦਾ ਹੋਵੇ।
- ਨਜ਼ਦੀਕੀ ਰਿਸ਼ਤੇਦਾਰ (IR) ਜਾਂ ਦੂਜੇ ਪਰਿਵਾਰ ਦੀ ਤਰਜੀਹ (P-2) ਹੇਠ I-130 ਵੀਜ਼ੇ ਦੀ ਪਟੀਸ਼ਨ ਦਾਇਰ ਕਰਨ ਦੀ ਰਸੀਦ ਜਾਂ ਕੋਈ ਹੋਰ ਸਬੂਤ ਜੀਵਨ-ਸਾਥੀ ਜਾਂ ਬੱਚੇ ਵਜੋਂ ਦਰਜੇ ਨੂੰ ਦਰਸਾਉਂਦਾ ਹੋਵੇ।

## ਮਨੁੱਖੀ ਸਮਗਲਿੰਗ ਦਾ ਸ਼ਿਕਾਰ ਅਤੇ ਉਸਦਾ ਜੀਵਨ ਸਾਥੀ, ਬੱਚਾ, ਭੈਣ-ਭਰਾ ਜਾਂ ਮਾਤਾ ਜਾਂ ਪਿਤਾ

ਜਾਂ ਅਜਿਹੇ ਵਿਅਕਤੀ, ਜਿਹਨਾਂ ਦੀ ਅਰਜ਼ੀ ਮਨੁੱਖੀ ਸਮਗਲਿੰਗ ਦੇ ਪੀੜਤ ਦੇ ਵੀਜ਼ੇ ਲਈ ਵਿਚਾਰ-ਅਧੀਨ ਹੈ।

- ਸ਼ਰਣਾਰਥੀਆਂ ਦੇ ਮੁੜ-ਵਸੇਬੇ ਬਾਰੇ ਦਫ਼ਤਰ (ORR) ਤੋਂ ਸਰਟੀਫ਼ਿਕੇਸ਼ਨ।
- ਜੇ ਉਮਰ 18 ਸਾਲ ਤੋਂ ਘੱਟ ਹੈ, ਤਾਂ ORR ਯੋਗਤਾ-ਪੱਤਰ।
- ਸਰਟੀਫ਼ਿਕੇਸ਼ਨ ਨਾਲ ਜੁੜੇ ਦਰਜੇ ਦੀ ਪੁਸ਼ਟੀ ਸਿਹਤ ਅਤੇ ਮਨੁੱਖੀ ਸਮਗਲਿੰਗ ਦੀ ਪੁਸ਼ਟੀ ਕਰਨ ਸਬੰਧੀ ਸੇਵਾਵਾਂ ਦੇ ਅਮਰੀਕੀ ਵਿਭਾਗ ਦੀ ਲਾਈਨ (866)-401-5510 ਰਾਹੀਂ ਕੀਤੀ ਗਈ ਸੀ।
- ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) ("A16," "C25" ਵਜੋਂ ਵਿਆਖਿਆ ਕੀਤੀ ਗਈ ਹੈ)।
- ਕਾਰਵਾਈ ਦਾ ਨੋਟਿਸ (I-797) ("CP," ਲਈ "ਪ੍ਰਵਾਣਗੀ ਨੋਟਿਸ", "T-1" ਜਾਂ "T ਜਾਂ U ਗ਼ੈਰ-ਪ੍ਰਵਾਸੀ ਦਰਜੇ ਦੇ ਪਸਾਰ, "T-2," "T-3," "T-4," "T-5," ਲਈ)।
- ਪੱਕੇ ਵਸਨੀਕ ਦਾ ਕਾਰਡ, "Green Card" (ਗ੍ਰੀਨ ਕਾਰਡ) (I-551) ("ST6," "ST7," "ST8," "ST9," ਜਾਂ "ST0" ਵਜੋਂ ਵਿਆਖਿਆ ਕੀਤੀ ਗਈ ਹੈ)।
- ਰੋਜ਼ਗਾਰ ਦਾ ਅਖ਼ਤਿਆਰਨਾਮਾ ਅਤੇ ਅਗਾਊਂ ਪੈਰੋਲ ਕਾਰਡ (I-512) (ਪੈਰੋਲ ਲਈ ਅਖ਼ਤਿਆਰਨਾਮਾ, "T-2," "T-3," "T-4," "T-5," ਦਰਜੇ ਨੂੰ ਦਰਸਾਉਂਦਾ ਹੈ)।
- T-ਵੀਜ਼ਾ ਅਰਜ਼ੀ (I-914).

## ਫ਼ੈਡਰਲ ਵਲੋਂ ਮਾਣਤਾ-ਪ੍ਰਾਪਤ ਇੰਡੀਅਨ ਟ੍ਰਾਈਬ ਦਾ ਮੈਂਬਰ ਜਾਂ ਕੈਨੇਡਾ ਵਿੱਚ ਜਨਮਿਆ ਅਮਰੀਕੀ ਭਾਰਤੀ

- ਮੂਲ ਅਮਰੀਕੀ ਕਬਾਇਲੀ ਬੰਸਾਵਲੀ ਜਾਂ ਕਿਸੇ ਹੋਰ ਅਧਿਕਾਰਤ ਦਸਤਾਵੇਜ਼ ਦੀ ਪੁਸ਼ਟੀ ਕਰਨ ਵਾਲੇ ਇੰਟੀਰੀਅਰ ਵਿਭਾਗ ਤੋਂ ਸਰਟੀਫ਼ਿਕੇਟ।
- ਕੈਨੇਡਾ ਦੇ ਭਾਰਤੀ ਮਾਮਲਿਆਂ ਬਾਰੇ ਵਿਭਾਗ ਦੀ ਚਿੱਠੀ, ਕੈਨੇਡੀਅਨ ਭਾਰਤੀ ਰਿਜ਼ਰਵੇਸ਼ਨ ਬਾਰੇ ਜਾਰੀ ਕੀਤਾ ਗਿਆ ਜਨਮ ਦਾ ਜਾਂ ਬਪਤਿਸਮਾ ਸਬੰਧੀ ਰਿਕਾੱਰਡ ਜਾਂ ਕਬਾਇਲੀ ਜਾਂ ਸਕੂਲ ਦੇ ਰਿਕਾੱਰਡ, ਜੋ ਇਹ ਪੁਸ਼ਟੀ ਕਰਦੇ ਹਨ ਕਿ ਕੈਨੇਡਾ ਵਿਚਲੀ ਪੈਦਾਇਸ਼ ਵਾਲੇ ਅਮਰੀਕੀ ਭਾਰਤੀ ਘੱਟੋ-ਘੱਟ ਅੱਧੇ ਅਮਰੀਕੀ ਭਾਰਤੀ ਬੰਸਾਵਲੀ ਦੇ ਹਨ।

## ਗੈਰ-ਪ੍ਰਵਾਸੀ ਦਰਜੇ ਵਾਲੇ ਵਿਅਕਤੀ (ਪੱਤਰ ਵੀਜ਼ੇ), ਜਿਸ ਵਿੱਚ ਵਰਕਰ ਵੀਜ਼ੇ (ਜਿਵੇਂ ਕਿ H1, H-2A, H-2B), ਵਿਦਿਆਰਥੀ ਵੀਜ਼ੇ, U-ਵੀਜ਼ਾ, T-ਵੀਜ਼ਾ ਅਤੇ ਹੋਰ ਵੀਜ਼ੇ ਸ਼ਾਮਿਲ ਹਨ

- ਗੈਰ-ਪ੍ਰਵਾਸੀ ਵਿਦਿਆਰਥੀ ਦੇ ਦਰਜੇ ਲਈ ਯੋਗਤਾ-ਸਰਟੀਫ਼ਿਕੇਟ (I-20) , ਜੋ ਵਿਦਿਆਰਥੀ ਵੀਜ਼ੇ ਦੇ ਦਰਜਿਆਂ (F-1s ਜਾਂ F-2s) ਲਈ ਅਰਜ਼ੀਆਂ ਦੀ ਹਿਮਾਇਤ ਕਰਦਾ ਹੈ।
- ਐਕਸਚੇਂਜ ਵਿਜ਼ਿਟਰ ਦਰਜੇ ਲਈ ਯੋਗਤਾ-ਸਰਟੀਫ਼ਿਕੇਟ (DS2019) ਜੋ ਐਕਸਚੇਂਜ ਵਿਜ਼ਿਟਰ ਵੀਜ਼ੇ ਦੇ ਦਰਜਿਆਂ (J-1s ਜਾਂ J-2s) ਲਈ ਅਰਜ਼ੀਆਂ ਦੀ ਹਿਮਾਇਤ ਕਰਦਾ ਹੈ।
- ਆਮਦ/ਰਵਾਨਗੀ ਰਿਕੱਰਡ (I-94/I-94A) (ਅਮਰੀਕਾ ਵਿੱਚ ਗ਼ੈਰ-ਪ੍ਰਵਾਸੀ ਦਰਜੇ ਨਾਲ ਦਾਖ਼ਲ ਹੋਣ ਨੂੰ ਦਰਸਾਉਂਦਾ ਹੈ) ਵਿਦੇਸ਼ੀ ਪਾਸਪੋਰਟ (ਗ਼ੈਰ-ਪ੍ਰਵਾਸੀ ਵੀਜ਼ੇ ਨਾਲ ਅਮਰੀਕਾ ਵਿੱਚ ਦਾਖ਼ਲ ਹੋਣ ਨੂੰ ਦਰਸਾਉਂਦਾ ਹੈ)।
- ਕਾਰਵਾਈ ਦਾ ਨੋਟਿਸ (I-797) ("ਗ਼ੈਰ-ਪ੍ਰਵਾਸੀ ਦਰਜਾ ਦੇਣਾ," "ਗ਼ੈਰ-ਪ੍ਰਵਾਸੀ ਦਰਜਾ ਵਧਾਉਣ/ਬਦਲਣ ਲਈ ਅਰਜ਼ੀ ਨੂੰ ਮੰਜ਼ੂਰੀ ਦੇਣਾ)।
- ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) (ਗ਼ੈਰ -ਪ੍ਰਵਾਸੀ ਦਰਜੇ ਨੂੰ ਦਰਸਾਉਂਦਾ ਹੈ)।
- ਫ਼ਾਰਮ I-918 ਜਮ੍ਹਾ ਕਰਾਉਣ ਦਾ ਸੰਕੇਤ
- ਫ਼ਾਰਮ I-102 ਜਾਂ I-918 ਲਈ ਰਸੀਦ।

## ਮਾਈਕ੍ਰੋਨੇਸ਼ੀਆ, ਮਾਰਸ਼ਲ ਟਾਪੂਹਾਰ ਅਤੇ ਪਲਾਉ ਦੇ ਨਾਗਰਿਕ

- ਆਮਦ।/ਰਵਾਨਗੀ ਰਿਕੱਰਡ (I-94/I-94A).
- ਵਿਦੇਸ਼ੀ ਪਾਸਪੋਰਟ ("CFA/RMI," "CFA/FSM" ਜਾਂ "CFA/PAL ਵਜੋਂ ਵਿਆਖਿਆ ਕੀਤੀ ਗਈ ਹੈ।"
- ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) ("A8" ਵਜੋਂ ਵਿਆਖਿਆ ਕੀਤੀ ਗਈ ਹੈ)।

## ਕਾਨੂੰਨੀ ਤੌਰ 'ਤੇ ਆਰਜ਼ੀ ਵਸਨੀਕ

- ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) ("A2" ਜਾਂ "§210" ਜਾਂ "§245A" ਹੇਠ ਯੋਗਤਾ ਦਰਸਾਉਣ ਵਾਲੇ ਹੋਰ ਸਬੂਤਾਂ ਨਾਲ ਵਿਆਖਿਆ ਕੀਤੀ ਗਈ ਹੈ)।
- INA §245A (I-698) ਹੇਠ ਆਰਜ਼ੀ ਤੋਂ ਪੱਕੀ ਰਿਹਾਇਸ਼ ਵਿੱਚ ਤਾਲਮੇਲ ਕਰਨ ਲਈ ਅਰਜ਼ੀ।

## ਆਰਜ਼ੀ ਤੌਰ 'ਤੇ ਸੁਰੱਖਿਅਤ ਦਰਜੇ ਵਾਲੇ ਲੋਕ (TPS)

ਸਿਰਫ਼ ਉਹ ਲੋਕ, ਜਿਹਨਾਂ ਨੂੰ ਰੋਜ਼ਗਾਰ ਦਾ ਅਖ਼ਤਿਆਰਨਾਮਾ ਦਿੱਤਾ ਗਿਆ ਹੈ।

- ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) ("A12" ਵਜੋਂ ਵਿਆਖਿਆ ਕੀਤੀ ਗਈ ਹੈ)।
- ਕਾਰਵਾਈ ਦਾ ਨੋਟਿਸ (I-797) (TPS ਦਰਜਾ ਦਿੱਤੇ ਜਾਣ ਨੂੰ ਦਰਸਾਉਂਦਾ ਹੈ)।

## ਲੋਕਾਂ ਨੂੰ ਦੇਸ਼-ਨਿਕਾਲੇ ਤੋਂ ਸੁਰੱਖਿਆ ਦੇਣ ਮਿੱਥੇ ਗਏ ਸਮੇਂ ਤੱਕ ਅਮਰੀਕਾ ਵਿੱਚ ਕੰਮ ਕਰਨ ਅਤੇ ਰਹਿਣ ਦੀ ਮੰਜ਼ੂਰੀ (DED) ਦੇਣਾ

- ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) ("A A11" ਵਜੋਂ ਵਿਆਖਿਆ ਕੀਤੀ ਗਈ ਹੈ)।

## ਰੱਦ ਕੀਤੀ ਗਈ ਕਾਰਵਾਈ ਦੇ ਦਰਜੇ ਵਾਲਾ ਵਿਅਕਤੀ

- ਕਾਰਵਾਈ ਦਾ ਨੋਟਿਸ (I-797) ("ਰੱਦ ਕੀਤੀ ਗਈ ਕਾਰਵਾਈ" ਦੇ ਦਰਜੇ ਦੀ ਪ੍ਰਵਾਨਗੀ ਦਰਸਾਉਂਦਾ ਹੈ)।
- ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) ("C14" ਜਾਂ "C33" ਵਜੋਂ ਵਿਆਖਿਆ ਕੀਤੀ ਗਈ ਹੈ)।

## ਪਰਿਵਾਰਕ ਏਕਤਾ ਦੇ ਲਾਭਪਾਤਰ

- ਕਾਰਵਾਈ ਦਾ ਨੋਟਿਸ (I-797) ("ਪਰਿਵਾਰਕ ਏਕਤਾ ਲਈ ਅਰਜ਼ੀ (I-817)" ਲਈ ਪ੍ਰਵਾਨਗੀ ਨੂੰ ਦਰਸਾਉਂਦਾ ਹੈ)")।
- ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) ("A13" ਵਜੋਂ ਵਿਆਖਿਆ ਕੀਤੀ ਗਈ ਹੈ)।

## ਨਿਗਰਾਨੀ ਦੇ ਆਦੇਸ਼ ਵਾਲੇ ਵਿਅਕਤੀ - ਸਿਰਫ਼ ਉਹ ਲੋਕ, ਜਿਹਨਾਂ ਨੂੰ ਰੋਜ਼ਗਾਰ ਦਾ ਅਖ਼ਤਿਆਰ ਦਿੱਤਾ ਗਿਆ ਹੈ

- ਨੋਟਿਸ ਜਾਂ ਫ਼ਾਰਮ "ਨਿਗਰਾਨੀ ਦਾ ਆਦੇਸ਼" ਹੇਠ ਜਾਰੀ ਕਰਨਾ ਦਰਸਾ ਰਿਹਾ ਹੈ।"
- ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766).

## ਅਮਰੀਕੀ ਸਮੋਆ ਦੇ ਵਸਨੀਕ

- ਦਸਤਾਵੇਜ਼ ਦਰਸਾਉਂਦਾ ਹੈ ਕਿ ਵਿਅਕਤੀ ਅਮਰੀਕੀ ਸਮੋਆ ਦਾ ਵਸਨੀਕ ਹੈ ਜਾਂ ਉੱਥੇ ਰਹਿੰਦਾ ਹੈ।

## ਰਜਿਸਟ੍ਰੀ ਦੇ ਅਰਜ਼ੀਕਰਤਾ - ਸਿਰਫ਼ ਉਹ ਲੋਕ, ਜਿਹਨਾਂ ਨੂੰ ਰੋਜ਼ਗਾਰ ਦਾ ਅਖ਼ਤਿਆਰ ਦਿੱਤਾ ਗਿਆ ਹੈ

- ਫ਼ਾਰਮ I-485 "ਪੱਕੀ ਰਿਹਾਇਸ਼ ਰਜਿਸਟਰ ਕਰਨ ਜਾਂ ਦਰਜੇ ਦਾ ਤਾਲਮੇਲ ਬਿਠਾਉਣ ਲਈ ਅਰਜ਼ੀ" ਦਾਇਰ ਕਰਨ ਨੂੰ ਦਰਸਾਉਣ ਵਾਲੀ ਰਸੀਦ ਜਾਂ ਨੋਟਿਸ।
- ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766).

## ਹੇਠਾਂ ਦਿੱਤੇ ਦਰਜਿਆਂ ਵਿੱਚੋਂ ਕਿਸੇ ਲਈ ਵੀ ਅਰਜ਼ੀਕਰਤਾ:

- ਸਿਰਫ਼ ਰੋਜ਼ਗਾਰ ਦੇ ਅਖ਼ਤਿਆਰਨਾਮੇ **ਨਾਲ** ਆਰਜ਼ੀ ਤੌਰ 'ਤੇ ਸੁਰੱਖਿਅਤ ਦਰਜਾ (TPS).
    - "ਆਰਜ਼ੀ ਤੌਰ 'ਤੇ ਸੁਰੱਖਿਅਤ ਦਰਜੇ ਲਈ ਅਰਜ਼ੀ" (I-821) ਦਾਇਰ ਕਰਨ ਜਾਂ ਵਿਚੀਰ-ਅਧੀਨ ਦਰਜੇ ਨੂੰ ਦਰਸਾਉਣ ਵਾਲੀ ਰਸੀਦ ਜਾਂ ਨੋਟਿਸ।
    - ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) ("C19" ਵਜੋਂ ਵਿਆਖਿਆ ਕੀਤੀ ਗਈ ਹੈ)।
- LPR ਦਰਜੇ ਲਈ ਤਾਲਮੇਲ ਬਿਠਾਉਣਾ।
    - ਕਾਰਵਾਈ ਦਾ ਨੋਟਿਸ (I-797) (ਕੇਸ ਦੀ ਕਿਸਮ "I-485 ਅਰਜ਼ੀ...," "C9 ਅਧਾਰਿਤ ਰੋਜ਼ਗਾਰ ਦੇ ਅਖ਼ਤਿਆਰਨਾਮੇ ਲਈ ਅਰਜ਼ੀ ਦੀ ਰਸੀਦ" ਨਾਲ ASC ਨਾਲ ਮੁਲਾਕਾਤ ਦਾ ਸਮਾਂ ਤੈਅ ਕਰਨ ਬਾਰੇ ਨੋਟਿਸ)।
    - ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) (ਉਦਾਹਰਣ ਲਈ "C9" ਜਾਂ "C9P" ਵਜੋਂ ਵਿਆਖਿਆ ਕੀਤੀ ਗਈ ਹੈ)।
    - ਰੋਜ਼ਗਾਰ ਦਾ ਅਖ਼ਤਿਆਰਨਾਮਾ ਅਤੇ ਅਗਾਊਂ ਪੈਰੋਲ ਕਾਰਡ (I-512) (ਪੈਰੋਲ ਲਈ ਅਖ਼ਤਿਆਰਨਾਮਾ, ਦਰਜੇ ਦੇ ਤਾਲਮੇਲ ਲਈ ਅਰਜ਼ੀਕਰਤਾ ਨੂੰ ਦਰਸਾਉਂਦਾ ਹੈ)।
    - ਫ਼ਾਰਮ I-485 "ਪੱਕੀ ਰਿਹਾਇਸ਼ ਰਜਿਸਟਰ ਕਰਨ ਜਾਂ ਦਰਜੇ ਦਾ ਤਾਲਮੇਲ ਬਿਠਾਉਣ ਲਈ ਅਰਜ਼ੀ" ਦਾਇਰ ਕਰਨ ਜਾਂ ਵਿਚਾਰ-ਅਧੀਨ ਦਰਜੇ ਨੂੰ ਦਰਸਾਉਣ ਵਾਲੀ ਰਸੀਦ।
- ਸਿਰਫ਼ ਰੋਜ਼ਗਾਰ ਦੇ ਅਖ਼ਤਿਆਰਨਾਮੇ **ਨਾਲ** IRCA ਜਾਂ LIFE ਕਾਨੂੰਨ ਹੇਠ ਕਾਨੂੰਨੀ ਤੌਰ 'ਤੇ ਢੁਕਵਾਂ ਬਣਾਉਣਾ।
    - ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) INA §245A" (I-687) ਹੇਠ ਆਰਜ਼ੀ ਰਿਹਾਇਸ਼ ਲਈ ਅਰਜ਼ੀ ਵਜੋਂ ਵਿਆਖਿਆ ਕੀਤੀ ਗਈ ਹੈ)।
    - ਵਿਦੇਸ਼ੀ ਪਾਸਪੋਰਟ (INS/DHS ਅਫ਼ਸਰ ਵਲੋਂ ਮੁਹਰ ਲਾਉਣ ਜਾਂ ਲਿਖਤੀ ਤੌਰ 'ਤੇ ਵਿਚਾਰ-ਅਧੀਨ "§245A ਅਰਜ਼ੀ" ਨੂੰ ਦਰਸਾਉਂਦਿਆਂ)।
- ਪ੍ਰਵਾਸੀ ਨਾਬਾਲਗ਼ ਦਾ ਵਿਸ਼ੇਸ਼ ਦਰਜਾ।
    - ਕਾਰਵਾਈ ਦਾ ਨੋਟਿਸ (I-797) ("ਵਿਸ਼ੇਸ਼ ਪ੍ਰਵਾਸੀ ਨਾਬਾਲਗ਼ ਦਾ ਪ੍ਰਵਾਣਗੀ ਨੋਟਿਸ, " "ਸੁਆਗਤ ਨੋਟਿਸ/I-485 ਦੀ ਪ੍ਰਵਾਣਗੀ" ਜਾਂ "ਤਾਲਮੇਲ SL6 ਦਾ ਹੋਰ ਅਧਾਰ")।
    - ਪੱਕਾ ਰਿਹਾਇਸ਼ੀ ਕਾਰਡ, "Green Card" (ਗ੍ਰੀਨ ਕਾਰਡ) (I-551) (ਕੋਡ ਕੀਤਾ ਗਿਆ "SL6").
- ਪਨਾਹ ਜਾਂ ਦੇਸ਼-ਨਿਕਾਲੇ/ਹਟਾਉਣ ਨੂੰ ਰੋਕਣ, ਜਿਸ ਵਿੱਚ ਤਸ਼ੱਦਦ ਖ਼ਿਲਾਫ਼ ਕਨਵੈਨਸ਼ਨ (CAT) ਹੇਠ ਅਰਜ਼ੀਕਰਤਾ ਸ਼ਾਮਿਲ ਹਨ, ਜਿਹਨਾਂ ਕੋਲ ਰੋਜ਼ਗਾਰ ਦਾ ਅਖ਼ਤਿਆਰ ਹੈ ਜਾਂ ਉਹ 14 ਸਾਲ ਤੋਂ ਘੱਟ ਉਮਰ ਦੇ ਹਨ।
    - ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766) ("C8" ਵਜੋਂ ਵਿਆਖਿਆ ਕੀਤੀ ਗਈ ਹੈ)।
    - "ਪਨਾਹ ਲਈ ਅਰਜ਼ੀ ਅਤੇ ਰੋਕ" (I-589) ਦਾਇਰ ਕਰਨ ਜਾਂ ਵਿਚਾਰ-ਅਧੀਨ ਦਰਜਾ ਦਰਸਾਉਣ ਵਾਲੀ ਰਸੀਦ ਜਾਂ ਨੋਟਿਸ।
    - ਮਨੁੱਖੀ ਸਮਗਲਿੰਗ ਦੇ ਵੀਜ਼ੇ ਦਾ ਪੀੜਤ।

- ਇਮੀਗ੍ਰੇਸ਼ਨ ਦੇ ਕਾਨੂੰਨਾਂ ਹੇਠ ਜਾਂ ਤਸ਼ੱਦਦ ਖ਼ਿਲਾਫ਼ ਕਨਵੈਨਸ਼ਨ (CAT) ਹੇਠ ਦੇਸ਼-ਨਿਕਾਲਾ ਜਾਂ ਹਟਾਉਣ ਨੂੰ ਰੋਕਣਾ ਸਿਰਫ਼ ਰੋਜ਼ਗਾਰ ਦੇ ਅਖ਼ਤਿਆਰਨਾਮੇ **ਨਾਲ** ਹੀ ਹੁੰਦਾ ਹੈ।
  - ਰੋਜ਼ਗਾਰ ਦੇ ਅਖ਼ਤਿਆਰਨਾਮੇ ਨਾਲ ਹਟਾਉਣ ਨੂੰ ਰੱਦ ਕਰਨਾ ਜਾਂ ਦੇਸ਼-ਨਿਕਾਲੇ ਨੂੰ ਮੁਅੱਤਲ ਕਰਨਾ।
  - ਫ਼ਾਰਮ EOIR-40, EOIR-42 ਜਾਂ "ਦੇਸ਼-ਨਿਕਾਲੇ ਨੂੰ ਮੁਅੱਤਲ ਕਰਨ ਜਾਂ ਹਟਾਉਣ ਦੇ ਖ਼ਾਸ ਨੇਮ ਰੱਦ ਕਰਨ ਲਈ ਅਰਜ਼ੀ" (I-881) ਦਾਇਰ ਕਰਨ ਨੂੰ ਦਰਸਾਉਣ ਵਾਲੀ ਰਸੀਦ ਜਾਂ ਨੋਟਿਸ।
  - ਰੋਜ਼ਗਾਰ ਦੇ ਅਖ਼ਤਿਆਰਨਾਮੇ ਬਾਰੇ ਦਸਤਾਵੇਜ਼ (ਕਾਰਡ) (I-766).

# ਨਾਗਰਿਕਤਾ ਅਤੇ ਅਮਰੀਕੀ ਕੌਮੀਅਤ ਦਾ ਸਬੂਤ

## ਨਾਗਰਿਕਤਾ ਦਾ ਮੁਢਲਾ (ਇਕੱਲਾ) ਸਬੂਤ

- ਅਮਰੀਕੀ ਪਾਸਪੋਰਟ/ਅਮਰੀਕੀ ਪਾਸਪੋਰਟ ਕਾਰਡ (ਮਿਆਦ ਪੁੱਗਣ ਤੋਂ ਬਾਅਦ ਅਜੇ ਵੀ ਵੈਧ ਹੈ)।
- ਅਪ੍ਰੈਲ 2024 ਤੱਕ ਵਧਾਈ ਗਈ ID ਜਾਂ ਡ੍ਰਾਈਵਰ ਦਾ ਲਾਇਸੈਂਸ ("Enhanced" [ਵਧਾਇਆ ਗਿਆ])] ਕਹਿਣਾ ਲਾਜ਼ਮੀ ਹੈ), ਸਿਰਫ਼ ਮਿਸ਼ੀਗਨ, ਮਿਨੀਸੋਟਾ, ਨਿਊਯਾਰਕ, ਵਰਮੌਂਟ ਅਤੇ ਵਾੱਸ਼ਿੰਗਟਨ ਸਟੇਟ ਵਿੱਚ ਹੀ ਉਪਲਬਧ ਹੈ।
- ਨੈਕਸਸ ਕਾਰਡ (ਵੈਧ ਹੈ)।
- ਅਮਰੀਕੀ ਨਾਗਰਿਕਤਾ ਦਾ ਸਰਟੀਫ਼ਿਕੇਟ।
  - INS ਫ਼ਾਰਮ N-560.
  - INS ਫ਼ਾਰਮ N-561.
- ਨਾਗਰਿਕ ਬਣਨ ਦਾ ਸਰਟੀਫ਼ਿਕੇਟ।
  - INS ਫ਼ਾਰਮ N-550, N-570, N-578 ਜਾਂ N-565.
- ਫ਼ੈਡਰਲ ਤੌਰ 'ਤੇ ਮਾਣਤਾ-ਪ੍ਰਾਪਤ ਅਮਰੀਕੀ ਭਾਰਤੀ ਜਾਂ ਅਲਾਸਕਾ ਦੇ ਮੂਲ ਕਬੀਲੇ ਵਲੋਂ ਜਾਰੀ ਕੀਤੇ ਗਏ ਦਸਤਾਵੇਜ਼ੀ ਸਬੂਤ। ਦਸਤਾਵੇਜ਼ਾਂ ਵਿੱਚ ਵਿਅਕਤੀ ਦੀ ਪਛਾਣ ਨਾਂ ਦੇ ਨਾਲ ਹੀ ਹੋਣੀ ਚਾਹੀਦੀ ਹੈ ਅਤੇ ਕਬੀਲੇ ਨਾਲ ਮੈਂਬਰਸ਼ਿਪ, ਰਜਿਸਟ੍ਰੇਸ਼ਨ ਜਾਂ ਮਾਣਤਾ ਦੀ ਪੁਸ਼ਟੀ ਕਰਨੀ ਚਾਹੀਦੀ ਹੈ। ਦਸਤਾਵੇਜ਼ਾਂ ਵਿੱਚ ਸ਼ਾਮਿਲ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹੈ:
  - ਕਬਾਇਲੀ ਰਜਿਸਟ੍ਰੇਸ਼ਨ ਕਾਰਡ।
  - ਭਾਰਤੀ ਬੰਸਾਵਲੀ ਦੀ ਡਿਗ੍ਰੀ ਬਾਰੇ ਸਰਟੀਫ਼ਿਕੇਟ।
  - ਕਬੀਲੇ ਦੀ ਮਰਦਮਸ਼ੁਮਾਰੀ ਬਾਰੇ ਸਰਟੀਫ਼ਿਕੇਟ।
  - ਕਬਾਇਲੀ ਨੇਤਾ ਵਲੋਂ ਕਬਾਇਲੀ ਭਾਈਚਾਰੇ ਦੇ ਲੈਟਰਹੈੱਡ 'ਤੇ ਦਸਤਖ਼ਤ ਕੀਤੇ ਗਏ ਦਸਤਾਵੇਜ਼।

## ਨਾਗਰਿਕਤਾ ਦਾ ਦੂਜਾ ਸਬੂਤ

ਜੇ ਕਿਸੇ ਅਰਜ਼ੀਕਰਤਾ ਉਪਰ ਦਿੱਤੇ ਮੁਢਲੇ (ਇਕੱਲੇ) ਸਬੂਤਾਂ ਵਿੱਚੋਂ ਕੋਈ ਵੀ ਨਹੀਂ ਹੈ, ਤਾਂ ਅਰਜ਼ੀਕਰਤਾ ਨੂੰ ਦੋ ਦਸਤਾਵੇਜ਼ (ਦੂਜਾ ਸਬੂਤ) ਮੁਹੱਈਆ ਕਰਨੇ ਚਾਹੀਦੇ ਹਨ, ਜੋ ਹੇਠਾਂ ਦਿੱਤੇ ਹਰ ਇੱਕ ਕਾਲਮ ਵਿੱਚੋਂ ਇੱਕ ਹੋਣਗੇ। ਧਿਆਨ ਦਿਓ: ਮਿਆਦ ਖ਼ਤਮ ਹੋ ਚੁੱਕੇ ਪਛਾਣ ਦੇ ਦਸਤਾਵੇਜ਼, ਪਛਾਣ ਦੇ ਸਬੂਤ ਵਜੋਂ ਮੰਨੇ ਜਾਂਦੇ ਹਨ।

| **ਹੇਠਾਂ ਦਿੱਤੇ ਦਸਤਾਵੇਜ਼ਾਂ ਵਿੱਚੋਂ ਇੱਕ:** | **ਅਤੇ ਹੇਠਾਂ ਦਿੱਤੇ ਦਸਤਾਵੇਜ਼ਾਂ ਵਿੱਚੋਂ ਇੱਕ:** |
|---|---|
| • ਅਮਰੀਕਾ ਦਾ ਸਰਕਾਰੀ ਜਨਮ-ਸਰਟੀਫ਼ਿਕੇਟ<br>• ਵਿਦੇਸ਼ ਵਿੱਚ ਜਨਮ ਬਾਰੇ ਕਾਉਂਸਲਰ ਦੀ ਰਿਪੋਰਟ (FS-240, CRBA)<br>• ਜਨਮ ਦੀ ਰਿਪੋਰਟ ਬਾਰੇ ਸਰਟੀਫ਼ਿਕੇਸ਼ਨ (DS-1350)<br>• ਵਿਦੇਸ਼ ਵਿੱਚ ਜਨਮ ਬਾਰੇ ਸਰਟੀਫ਼ਿਕੇਸ਼ਨ (FS-545)<br>• ਅਮਰੀਕੀ ਨਾਗਰਿਕ ਦਾ ਪਛਾਣ ਕਾਰਡ (I-197 ਜਾਂ I-179 ਤੋਂ ਪਹਿਲਾਂ ਬਣਿਆ)<br>• ਨੌਰਦਰਨ ਮੈਰੀਆਨਾ ਰਿਕਾੱਰਡ (I-873)<br>• ਗੋਦ ਲੈਣ ਦਾ ਅੰਤਮ ਫ਼ਰਮਾਨ, ਵਿਅਕਤੀ ਦਾ ਨਾਂ ਅਤੇ ਅਮਰੀਕਾ ਵਿਚਲੀ ਪੈਦਾਇਸ਼ ਦੀ ਥਾਂ ਦਰਸਾਉਂਦਾ ਹੈ<br>• U.S. ਸਿਵਿਲ ਸਰਵਿਸ ਰੋਜ਼ਗਾਰ ਰਿਕਾੱਰਡ 1 ਜੂਨ, 1976 ਤੋਂ ਪਹਿਲਾਂ ਦਾ ਰੋਜ਼ਗਾਰ ਦਰਸਾਉਂਦਾ ਹੈ<br>• ਮਿਲਟ੍ਰੀ ਦਾ ਰਿਕਾੱਰਡ ਅਮਰੀਕਾ ਵਿਚਲੀ ਪੈਦਾਇਸ਼ ਦੀ ਥਾਂ ਦਰਸਾਉਂਦਾ ਹੈ<br>• ਕਿਸੇ ਕਲੀਨਿਕ, ਹਸਪਤਾਲ, ਫਿਜ਼ੀਸ਼ਿਅਨ, ਦਾਈ ਜਾਂ ਸੰਸਥਾ ਤੋਂ ਅਮਰੀਕੀ ਮੈਡੀਕਲ ਰਿਕਾੱਰਡ, ਜੋ ਅਮਰੀਕਾ ਵਿੱਚ ਪੈਦਾਇਸ਼ ਦੀ ਥਾਂ ਦਰਸਾਉਂਦਾ ਹੈ<br>• ਅਮਰੀਕੀ ਬੀਮਾ, ਸਿਹਤ ਜਾਂ ਕੋਈ ਹੋਰ ਬੀਮਾ ਰਿਕਾੱਰਡ, ਜੋ ਅਮਰੀਕਾ ਵਿੱਚ ਪੈਦਾਇਸ਼ ਦੀ ਥਾਂ ਦਰਸਾਉਂਦਾ ਹੈ<br>• ਅਮਰੀਕਾ ਵਿੱਚ ਦਰਜ ਕੀਤੀ ਗਈ ਪੈਦਾਇਸ਼ ਦੀ ਥਾਂ ਨੂੰ ਦਰਸਾਉਣ ਵਾਲਾ ਧਾਰਮਿਕ ਰਿਕਾੱਰਡ।<br>• ਸਕੂਲ ਦਾ ਰਿਕਾੱਰਡ, ਜੋ ਬੱਚੇ ਦਾ ਨਾਂ ਅਤੇ ਅਮਰੀਕਾ ਵਿਚਲੀ ਪੈਦਾਇਸ਼ ਦੀ ਥਾਂ ਦਰਸਾਉਂਦਾ ਹੈ<br>• ਫ਼ੈਡਰਲ ਜਾਂ ਸਟੇਟ ਦੀ ਮਰਦਮਸ਼ੁਮਾਰੀ ਦਾ ਰਿਕਾੱਰਡ, ਜੋ ਅਮਰੀਕੀ ਨਾਗਰਿਕਤਾ ਜਾਂ ਅਮਰੀਕਾ ਵਿਚਲੀ ਪੈਦਾਇਸ਼ ਦੀ ਥਾਂ ਦਰਸਾਉਂਦਾ ਹੈ<br>• ਵਿਦੇਸ਼ ਵਿੱਚ ਹੋਈ ਪੈਦਾਇਸ਼ ਵਾਲੇ ਗੋਦ ਲਏ ਗਏ ਬੱਚੇ ਦਾ ਦਸਤਾਵੇਜ਼, ਜਿਸਨੂੰ ਅਮਰੀਕੀ ਨਾਗਰਿਕਤਾ ਆਪਣੇ ਆਪ ਮਿਲ ਗਈ ਸੀ (IR3 ਜਾਂ IH3)<br>• ਵਿਅਕਤੀ ਦੇ ਫ਼ੀਸ ਦੇ ਰਜਿਸਟਰ ਦੀ ਰਸੀਦ (INS ਫ਼ਾਰਮ G-711)<br>• ਸਿਸਟਮੈਟਿਕ ਏਲੀਅਨ ਵੈਰੀਫਿਕੇਸ਼ਨ ਫ਼ਾੱਰ ਐਨਟਾਈਟਲਮੈਂਟਸ (SAVE) ਜਾਂ ਹੋਮਲੈਂਡ ਸਿਕਿਓਰਿਟੀ ਵਿਭਾਗ ਵਲੋਂ ਇਹ ਪੁਸ਼ਟੀ ਕਰਨ ਲਈ ਬਣਾਏ ਗਏ ਕਿਸੇ ਹੋਰ ਅਮਲ ਨਾਲ ਡਾਟਾ ਮੇਲ ਖਾਂਦਾ ਹੈ ਕਿ ਕੋਈ ਵਿਅਕਤੀ ਨਾਗਰਿਕ ਹੈ। | ਦਸਤਾਵੇਜ਼ ਵਿੱਚ ਫ਼ੋਟੋ ਜਾਂ ਕੋਈ ਹੋਰ ਜਾਣਕਾਰੀ ਹੋਣੀ ਚਾਹੀਦੀ ਹੈ, ਜਿਵੇਂ ਨਾਂ, ਉਮਰ, ਬੰਸ, ਕੱਦ, ਵਜ਼ਨ, ਅੱਖਾਂ ਦਾ ਰੰਗ ਜਾਂ ਪਤਾ<br>• ਸਟੇਟ ਜਾਂ ਟੈਰੀਟਰੀ ਵਲੋਂ ਜਾਰੀ ਕੀਤਾ ਗਿਆ ਡ੍ਰਾਈਵਰ ਦਾ ਲਾਇਸੈਂਸ ਜਾਂ ਫ਼ੈਡਰਲ, ਸਟੇਟ ਜਾਂ ਸਥਾਨਕ ਸਰਕਾਰ ਵਲੋਂ ਜਾਰੀ ਕੀਤਾ ਗਿਆ ID ਕਾਰਡ • ਡ੍ਰਾਈਵਰ ਦਾ ਲਾਇਸੈਂਸ ਸਟੇਟ ਜਾਂ ਟੈਰੀਟਰੀ ਵਲੋਂ ਜਾਰੀ ਕੀਤਾ ਗਿਆ ਹੈ ਜਾਂ ਫੈਡਰਲ, ਸਟੇਟ, ਜਾਂ ਸਥਾਨਕ ਸਰਕਾਰ ਵਲੋਂ ਜਾਰੀ ਕੀਤਾ ਗਿਆ ID ਕਾਰਡ<br>• ਸਕੂਲ ਦਾ ਸ਼ਨਾਖ਼ਤੀ ਕਾਰਡ<br>• ਅਮਰੀਕੀ ਮਿਲਟ੍ਰੀ ਕਾਰਡ ਜਾਂ ਡ੍ਰਾਫ਼ਟ ਰਿਕਾੱਰਡ ਜਾਂ ਮਿਲਟ੍ਰੀ 'ਤੇ ਆਸਰਿਤ ਦਾ ਪਛਾਣ-ਪੱਤਰ<br>• ਅਮਰੀਕੀ ਸਾਹਿਲ ਗਾਰਡ ਮਰਚੈਂਟ ਮੈਰੀਨਰ ਕਾਰਡ<br>• ਵੋਟਰ ਰਜਿਸਟ੍ਰੇਸ਼ਨ ਕਾਰਡ<br>• ਕਲੀਨਿਕ, ਡਾੱਕਟਰ, ਹਸਪਤਾਲ ਜਾਂ ਸਕੂਲ ਦਾ ਰਿਕਾੱਰਡ, ਇਸ ਵਿੱਚ ਪ੍ਰੀ-ਸਕੂਲ ਜਾਂ ਡੇਅ ਕੇਅਰ ਦੇ ਰਿਕਾੱਰਡ (19 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ) ਸ਼ਾਮਿਲ ਹਨ।<br>• ਦੋ ਦਸਤਾਵੇਜ਼ਾਂ ਵਿੱਚ ਇਕੋ ਜਿਹੀ ਜਾਣਕਾਰੀ ਸ਼ਾਮਿਲ ਹੋਵੇ, ਜੋ ਤੁਹਾਡੀ ਪਛਾਣ ਦੀ ਪੁਸ਼ਟੀ ਕਰਦੀ ਹੋਵੇ, ਜਿਵੇਂ ਰੋਜ਼ਗਾਰਦਾਤਾ ਦੀ ID, ਹਾਈ ਸਕੂਲ ਅਤੇ ਕਾੱਲਿਜ ਡਿਪਲੋਮਾ, ਵਿਆਹ ਦੇ ਸਰਟੀਫ਼ਿਕੇਟ, ਤਲਾਕ ਦਾ ਆਦੇਸ਼, ਜਾਇਦਾਦ ਦਾ ਵਸੀਕਾ ਜਾਂ ਟਾਈਟਲ। |

# ਕਿਸੇ ਹੋਰ ਸਿਹਤ ਬੀਮਾ ਕਵਰੇਜ ਦਾ ਸਬੂਤ ਨਹੀਂ ਹੈ

## ਉਹ ਸਬੂਤ, ਜੋ ਮੈਡੀਕੇਅਰ ਲਈ ਢੁਕਵੇਂ ਨਹੀਂ ਹਨ।

ਧਿਆਨ ਦਿਓ: ਜੇ ਤੁਸੀਂ ਮੈਡੀਕੇਅਰ ਲਈ ਹੱਕਦਾਰ ਹੋ (ਭਾਵੇਂ ਤੁਸੀਂ ਰਜਿਸਟਰਡ ਹੋ ਜਾਂ ਨਹੀਂ) ਤੁਸੀਂ ਟੈਕਸ ਕ੍ਰੈਡਿਟ ਲਈ ਹੱਕਦਾਰ ਨਹੀਂ ਹੋ।

- ਮੈਡੀਕੇਅਰ ਲਾਭਾਂ ਬਾਰੇ ਚਿੱਠੀ ਜਾਂ ਸਟੇਟਮੈਂਟ, ਜੋ ਪੁਸ਼ਟੀ ਕਰਦੀ ਹੈ ਕਿ ਤੁਸੀਂ ਹੁਣ ਮੈਡੀਕੇਅਰ ਲਾਭਾਂ ਲਈ ਹੱਕਦਾਰ ਨਹੀਂ ਹੋ। ਚਿੱਠੀ ਵਿੱਚ ਉਹ ਤਾਰੀਖ਼ ਜ਼ਰੂਰ ਸ਼ਾਮਿਲ ਹੋਣੀ ਚਾਹੀਦੀ ਹੈ, ਜਦੋਂ ਤੁਸੀਂ ਮੈਡੀਕੇਅਰ ਲਈ ਪਿਛਲੀ ਵਾਰੀ ਹੱਕਦਾਰ ਸੀ।
- ਤੁਹਾਡਾ ਮੈਡੀਕੇਅਰ ਰਜਿਸਟ੍ਰੇਸ਼ਨ ਕਾਰਡ (ਜੇ ਤੁਹਾਡੇ ਕੋਲ ਰਜਿਸਟ੍ਰੇਸ਼ਨ ਕਾਰਡ ਹੈ, ਤਾਂ ਤੁਸੀਂ ਹੁਣ ਟੈਕਸ ਕ੍ਰੈਡਿਟ ਲਈ ਹੱਕਦਾਰ ਨਹੀਂ ਹੋਵੋਗੇ)।
- ਕਿਸੇ ਹੋਰ ਸਿਹਤ ਬੀਮਾ ਕਵਰੇਜ ਫ਼ਾਰਮ, HBE 13-010 ਲਈ ਅਯੋਗਤਾ ਦਾ ਐਲਾਨਨਾਮਾ। ਇਹ ਫ਼ਾਰਮ https://www.wahealthplanfinder.org/content/dam/wahbe-assets/materials/declaration-of-ineligibility-for-other-coverage/HBE_NC_161219_Declaration_Of_Ineligibility_Form.pdf 'ਤੇ ਵੀ ਮਿਲ ਸਕਦਾ ਹੈ

ਅਫ਼ੋਰਡੇਬਲ ਕੇਅਰ ਕਾਨੂੰਨ ਵਿੱਚ ਕਿਹਾ ਗਿਆ ਹੈ ਕਿ ਤੁਸੀਂ ਮੈਡੀਕੇਅਰ ਲਾਭਾਂ ਲਈ ਹੱਕਦਾਰ ਹੋ, ਭਾਵੇਂ ਤੁਸੀਂ ਇਹਨਾਂ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ ਜਾਂ ਨਹੀਂ, ਪਰ ਹੁਣ ਤੁਸੀਂ ਟੈਕਸ ਕ੍ਰੈਡਿਟ ਲਈ ਹੱਕਦਾਰ ਨਹੀਂ ਹੋ। ਜੇ ਤੁਸੀਂ ਮੈਡੀਕੇਅਰ ਲਈ ਹੱਕਦਾਰ ਹੋ ਅਤੇ ਟੈਕਸ ਕ੍ਰੈਡਿਟ ਲੈ ਰਹੇ ਹੋ, ਤਾਂ ਸੰਭਵ ਤੌਰ 'ਤੇ ਤੁਹਾਨੂੰ ਸਾਲ ਦੇ ਅਖ਼ੀਰ ਵਿੱਚ IRS ਟੈਕਸ ਰਿਟਰਨ ਭਰਨ ਵੇਲੇ ਉਹਨਾਂ ਟੈਕਸ ਕ੍ਰੈਡਿਟਾਂ ਦਾ ਭੁਗਤਾਨ ਕਰਨਾ ਪਏਗਾ।

## ਇਸ ਗੱਲ ਦਾ ਸਬੂਤ ਦੇਣਾ ਕਿ ਤੁਸੀਂ ਕਿਸੇ ਹੋਰ ਸਰਕਾਰੀ ਸਿਹਤ ਬੀਮੇ ਵਿੱਚ ਰਜਿਸਟਰਡ ਨਹੀਂ ਹੋ

- ਦਸਤਖ਼ਤਸ਼ੁਦਾ ਸਵੈ-ਪ੍ਰਮਾਣਿਤ ਪੱਤਰ, ਜਿਸ ਵਿੱਚ ਦੱਸਿਆ ਗਿਆ ਹੋਵੇ ਕਿ ਤੁਹਾਡਾ ਕੋਈ ਹੋਰ ਬੀਮਾ ਨਹੀਂ ਹੈ।
- ਕਿਸੇ ਹੋਰ ਸਿਹਤ ਬੀਮਾ ਕਵਰੇਜ ਫ਼ਾਰਮ, HBE 13-010 ਲਈ ਅਯੋਗਤਾ ਦਾ ਐਲਾਨਨਾਮਾ। ਇਹ ਫ਼ਾਰਮ https://www.wahealthplanfinder.org/content/dam/wahbe-assets/materials/declaration-of-ineligibility-for-other-coverage/HBE_NC_161219_Declaration_Of_Ineligibility_Form.pdf 'ਤੇ ਵੀ ਮਿਲ ਸਕਦਾ ਹੈ
- ਰਜਿਸਟ੍ਰੇਸ਼ਨ ਦੀ ਸ਼ੁਰੂਆਤੀ ਤਾਰੀਖ਼ ਜਾਂ ਸਮਾਪਤੀ ਤਾਰੀਖ਼ ਨੂੰ ਦਰਸਾਉਣ ਵਾਲੀ ਇੰਸ਼ਿਓਰੈਂਸ ਪਾੱਲਿਸੀ ਜਾਂ ਕਾਰਡ ਦੀ ਕਾੱਪੀ।
- ਸਿਹਤ ਕਵਰੇਜ ਅਤੇ ਸਮਾਪਤੀ ਤਾਰੀਖ਼ਾਂ ਦੀ ਪੁਸ਼ਟੀ ਕਰਨ ਵਾਲੀ ਸਿਹਤ ਲਾਭਾਂ ਬਾਰੇ ਸਟੇਟਮੈਂਟ।
- ਬੀਮਾ ਕੰਪਨੀ ਤੋਂ ਸਮਾਪਤੀ ਪੱਤਰ।
- ਵੈਟਰਨਸ ਬਾਰੇ ਪ੍ਰਸ਼ਾਸਨ ਤੋਂ ਮਿਲੀ ਚਿੱਠੀ, ਜਿਸ ਵਿੱਚ ਕਿਸੇ ਵੀ ਪਿਛਲੀ ਸਿਹਤ ਕਵਰੇਜ ਦੀ ਸਮਾਪਤੀ ਦਰਸਾਈ ਗਈ ਹੋਵੇ, ਇਸਦੇ ਨਾਲ ਹੀ ਇਸ ਵਿੱਚ ਸਮਾਪਤੀ ਤਾਰੀਖ਼ ਵੀ ਸ਼ਾਮਿਲ ਹੋਵੇ।
- ਪੀਸ ਕੋਰ (Peace Corps) ਤੋਂ ਮਿਲੀ ਚਿੱਠੀ, ਜਿਸ ਵਿੱਚ ਕਿਸੇ ਵੀ ਪਿਛਲੀ ਸਿਹਤ ਕਵਰੇਜ ਦੀ ਸਮਾਪਤੀ ਦਰਸਾਈ ਗਈ ਹੋਵੇ, ਇਸਦੇ ਨਾਲ ਹੀ ਇਸ ਵਿੱਚ ਸਮਾਪਤੀ ਤਾਰੀਖ਼ ਵੀ ਸ਼ਾਮਿਲ ਹੋਵੇ।
- ਵਾੱਸ਼ਿੰਗਟਨ ਐਪਲ ਹੈਲਥ, ਮੈਡੀਕੇਡ ਜਾਂ ਚਿਲਡ੍ਰਨ ਹੈਲਥ ਇੰਸ਼ਿਓਰੈਂਸ ਪ੍ਰੋਗਰਾਮ (CHIP) ਤੋਂ ਕੋਈ ਚਿੱਠੀ ਜਾਂ ਸਟੇਟਮੈਂਟ, ਜਿਸ ਨਾਲ ਪਿਛਲੀ ਕਵਰੇਜ ਦੀ ਸਮਾਪਤੀ ਦੀ ਪੁਸ਼ਟੀ ਹੁੰਦੀ ਹੋਵੇ, ਇਸਦੇ ਨਾਲ ਹੀ ਇਸ ਵਿੱਚ ਸਮਾਪਤੀ ਤਾਰੀਖ਼ ਵੀ ਸ਼ਾਮਿਲ ਹੋਵੇ।

# ਜੇਲ੍ਹ ਵਿੱਚ ਬੰਦ ਨਾ ਹੋਣ ਸਬੰਧੀ ਸਬੂਤ

- ਸੰਸਥਾ ਜਾਂ ਸੁਧਾਰ ਵਿਭਾਗ ਤੋਂ ਰਿਹਾਈ ਸਬੰਧੀ ਸਰਕਾਰੀ ਦਸਤਾਵੇਜ਼।
- ਪੈਰੋਲ ਸਬੰਧੀ ਦਸਤਾਵੇਜ਼।

- ਜੇਲ੍ਹ ਸਬੰਧੀ ਪੁਸ਼ਟੀ ਫ਼ਾਰਮ https://www.wahealthplanfinder.org/content/dam/wahbe-assets/materials/proof-of-non-incarceration/HBE_NC_161219_Declaration_Of_Non_Incarceration_Form.pdf 'ਤੇ ਮਿਲਦਾ ਹੈ
- ਵੈਧ ਸਟੇਟ ID, ਡ੍ਰਾਈਵਰ ਦਾ ਲਾਇਸੈਂਸ, ਕੰਮ ਸਬੰਧੀ ID, ਅਮਰੀਕੀ ਪਾਸਪੋਰਟ, ਕਾਨੂੰਨੀ ਤੌਰ 'ਤੇ ਪੱਕਾ ਵਸਨੀਕੀ ਕਾਰਡ (I-551) ਜਾਂ ਰੋਜ਼ਗਾਰ ਦੇ ਅਖ਼ਤਿਆਰਨਾਮੇ ਵਾਲਾ ਕਾਰਡ (I-766).
- ਤਨਖ਼ਾਹ ਦੀਆਂ ਸਲਿਪਾਂ
- ਫ਼ੈਡਰਲ, ਸਟੇਟ ਜਾਂ ਸਥਾਨਕ ਲਾਭ ਬਾਰੇ ਚਿੱਠੀ।
- ਸੇਵਾ ਮੁਹੱਈਆ ਕਰਨ ਵਾਲੇ ਕਲੀਨਿਕ, ਡਾੱਕਟਰ ਜਾਂ ਹਸਪਤਾਲ ਦੇ ਰਿਕਾੱਰਡ।
- ਮੁਹੱਈਆ ਕਰਾਏ ਗਏ ਲਾਭਾਂ ਦੇ ਮੈਡੀਕਲ ਦਾਅਵੇ ਦਾ ਸਪਸ਼ਟੀਕਰਣ।
- ਰਜਿਸਟ੍ਰੇਸ਼ਨ ਦਰਸਾਉਣ ਵਾਲਾ ਸਕੂਲ ਦਾ ਰਿਕਾੱਰਡ/ਸ਼ੈਡਿਊਲ (ਯਾਨਿ ਕਾੱਲਿਜ ਦੇ ਵਿਦਿਆਰਥੀਆਂ ਲਈ)।
- ਲੈਣ-ਦੇਣ ਦਾ ਵੇਰਵਾ ਦਰਸਾਉਣ ਵਾਲੀ ਬੈਂਕ ਜਾਂ ਕ੍ਰੈਡਿਟ ਕਾਰਡ ਦੀ ਸਟੇਟਮੈਂਟ (ਜਿਸ ਵਿੱਚ ਸਿਰਫ਼ ਸਬੰਧਿਤ ਵਿਅਕਤੀ ਦਾ ਨਾਂ ਦਰਸਾਇਆ ਗਿਆ ਹੋਵੇ; ਕੋਈ ਸਾਂਝੇ ਖਾਤੇ ਸ਼ਾਮਿਲ ਨਹੀਂ ਕਰਨੇ)।
- ਮਿਲਟ੍ਰੀ ਰਿਕਾੱਰਡ।
- ਸੈਲ ਫੋਨ ਦੇ ਬਿੱਲ (ਜਿਸ ਵਿੱਚ ਸਿਰਫ਼ ਸਬੰਧਿਤ ਵਿਅਕਤੀ ਦਾ ਨਾਂ ਦਰਸਾਇਆ ਗਿਆ ਹੋਵੇ)।
- ਲੀਜ਼ (ਜਿੱਥੇ ਵਿਅਕਤੀ ਇਸ ਸਮੇਂ ਰਹਿ ਰਿਹਾ ਹੈ, ਦੀ ਪੱਕੀ ਲੀਜ਼ ਹੋਣੀ ਚਾਹੀਦੀ ਹੈ)।
- ਕਥਿਤ ਝੂਠੀ ਬੇਮੇਲ ਕੈਦ ਵਾਲੇ ਵਿਅਕਤੀ ਤੋਂ ਦਸਤਖ਼ਤਸ਼ੁਦਾ ਨੋਟਰੀ ਵਾਲੀ ਸਟੇਟਮੈਂਟ, ਜਿਸ ਤੋਂ ਇਹ ਪਤਾ ਚੱਲਦਾ ਹੋਵੇ ਕਿ ਉਹ ਭਾਈਚਾਰੇ ਵਿੱਚ ਰਹਿ ਰਿਹਾ/ਰਹੀ ਹੈ ਅਤੇ ਇਸ ਵਿੱਚ ਉਸਦਾ ਨਾਂ, ਜਨਮ-ਤਾਰੀਖ਼ ਅਤੇ ਪਤਾ ਸ਼ਾਮਿਲ ਹੈ।
- ਕਿਰਾਏ ਦੀਆਂ ਰਸੀਦਾਂ (ਜਿਸ ਵਿੱਚ ਸਿਰਫ਼ ਝੂਠੀ ਬੇਮੇਲ ਕੈਦ ਵਾਲੇ ਵਿਅਕਤੀ ਦਾ ਨਾਂ ਦਰਸਾਇਆ ਗਿਆ ਹੋਵੇ)।
- ਭਾਈਚਾਰੇ ਵਿਚਲੇ ਕਿਸੇ ਵਿਅਕਤੀ ਦਾ ਲਿਖਤੀ ਬਿਆਨ, ਜਿਸ ਵਿੱਚ ਉਸਦਾ ਨਾਂ, ਜਨਮ-ਤਾਰੀਖ਼, ਪਤਾ, ਫੋਨ ਨੰਬਰ, ਕਥਿਤ ਤੌਰ 'ਤੇ ਬੇਮੇਲ ਝੂਠੀ ਕੈਦ ਵਾਲੇ ਵਿਅਕਤੀ ਨਾਲ ਉਸਦਾ ਰਿਸ਼ਤਾ ਦੱਸਿਆ ਗਿਆ ਹੋਵੇ ਅਤੇ ਇਹ ਵੀ ਕਿ ਵਿਅਕਤੀ ਭਾਈਚਾਰੇ ਵਿੱਚ ਹੀ ਰਹਿੰਦਾ ਹੈ ਅਤੇ ਹਿੱਸਾ ਲੈ ਰਿਹਾ ਹੈ।

# ਸੋਸ਼ਲ ਸਿਕਿਓਰਿਟੀ ਨੰਬਰ ਦਾ ਸਬੂਤ (SSN)

- ਸੋਸ਼ਲ ਸੁਰੱਖਿਆ ਕਾਰਡ।
- ਟੈਕਸ ਫ਼ਾਰਮ।
- ਸਮਾਜਕ ਸੁਰੱਖਿਆ ਤੋਂ ਲਾਭ ਜਾਂ ਆਮਦਨ ਬਾਰੇ ਸਟੇਟਮੈਂਟ, ਜਿਸ ਵਿੱਚ ਤੁਹਾਡਾ SSN ਸ਼ਾਮਿਲ ਹੋਵੇ।
- SSN ਲਈ ਵਿਚਾਰ-ਅਧੀਨ ਅਰਜ਼ੀ।
- ਸੋਸ਼ਲ ਸਿਕਿਓਰਿਟੀ ਤੋਂ ਚਿੱਠੀ, ਜਿਸ ਵਿੱਚ ਦੱਸਿਆ ਗਿਆ ਹੈ ਕਿ ਤੁਸੀਂ SSN ਲਈ ਹੱਕਦਾਰ ਨਹੀਂ ਹੋ ਜਾਂ ਸਿਰਫ਼ ਬਿਨਾ ਕਿਸੇ ਕੰਮ ਵਾਲੀ SSN ਲਈ ਹੱਕਦਾਰ ਹੋ।
- ਚਿੱਠੀ, ਜਿਸ ਵਿੱਚ ਦੱਸਿਆ ਗਿਆ ਹੋਵੇ ਕਿ ਤੁਸੀਂ ਸਥਾਪਿਤ ਧਾਰਮਿਕ ਇਤਰਾਜ਼ਾਂ ਕਰਕੇ SSN ਪ੍ਰਾਪਤ ਕਰਨ ਤੋਂ ਮਨ੍ਹਾ ਕਰਦੇ ਹੋ।
- ਨਾਂ ਅਤੇ ਪੂਰਾ SSN ਦਰਸਾਉਣ ਵਾਲਾ ਕਬਾਇਲੀ ਰਜਿਸਟ੍ਰੇਸ਼ਨ ਕਾਰਡ।

# ਕਬਾਇਲੀ ਮੈਂਬਰਸ਼ਿਪ ਦਾ ਸਬੂਤ

- ਕਬਾਇਲੀ ਰਜਿਸਟ੍ਰੇਸ਼ਨ/ਮੈਂਬਰਸ਼ਿਪ ਕਾਰਡ (ਮਿਆਦ ਖ਼ਤਮ ਹੋਈ ਹੋ ਸਕਦੀ ਹੈ)।
- ਕਿਸੇ ਵਿਅਕਤੀ ਦੀ ਮੈਂਬਰਸ਼ਿਪ ਦਾ ਐਲਾਨ ਕਰਨ ਵਾਲਾ ਕਬੀਲੇ ਦਾ ਪ੍ਰਮਾਣਕ ਦਸਤਾਵੇਜ਼।
- I-872 ਅਮਰੀਕੀ ਭਾਰਤੀ ਕਾਰਡ।
- ਅਮਰੀਕਾ ਦਾ ਅਮਰੀਕਨ ਇੰਡੀਅਨ/ਅਲਾਸਕਾ ਮੂਲ ਦੀ ਕਬਾਇਲੀ ਰਜਿਸਟ੍ਰੇਸ਼ਨ ਜਾਂ ਸ਼ੇਅਰਧਾਰਕ ਦੇ ਦਸਤਾਵੇਜ਼।

ਫ਼ੈਡਰਲ ਵਲੋਂ ਮਾਣਤਾ-ਪ੍ਰਾਪਤ ਕਬੀਲੇ ਜਾਂ ਭਾਰਤੀ ਮਾਮਲਿਆਂ ਬਾਰੇ ਬਿਊਰੋ ਤੋਂ ਰਜਿਸਟ੍ਰੇਸ਼ਨ ਜਾਂ ਮੈਂਬਰਸ਼ਿਪ ਦਾ ਦਸਤਾਵੇਜ਼। ਇਹ ਕਬਾਇਲੀ ਲੈਟਰਹੈੱਡ ਜਾਂ ਰਜਿਸਟ੍ਰੇਸ਼ਨ/ਮੈਂਬਰਸ਼ਿਪ ਕਾਰਡ 'ਤੇ ਹੀ ਹੋਣਾ ਚਾਹੀਦਾ ਹੈ, ਇਸ 'ਤੇ ਕਬਾਇਲੀ ਮੁਹਰ ਅਤੇ/ਜਾਂ ਸਰਕਾਰੀ ਦਸਤਖ਼ਤ ਹੋਣੇ ਚਾਹੀਦੇ ਹਨ।

  - ਅਲਾਸਕਾ ਮੂਲ ਦੇ ਵਸਨੀਕ ਦਾ ਪਿੰਡ/ਕਬੀਲੇ ਜਾਂ ਅਲਾਸਕਾ ਮੂਲ ਦੇ ਵਸਨੀਕ ਬਾਰੇ ਕਾਰਪੋਰੇਸ਼ਨ ਸੈਟਲਮੈਂਟ ਕਾਨੂੰਨ (ANCSA) ਇਲਾਕਾਈ ਜਾਂ ਪਿੰਡ ਦੀ ਕਾਰਪੋਰੇਸ਼ਨ ਵਲੋਂ ਜਾਰੀ ਕੀਤਾ ਗਿਆ ਦਸਤਾਵੇਜ਼, ਜੋ ਸ਼ੇਅਰਧਾਰਕ ਦੇ ਦਰਜੇ ਨੂੰ ਪ੍ਰਵਾਣ ਕਰਦਾ ਹੋਵੇ।

- ਭਾਰਤੀ ਮਾਮਲਿਆਂ ਬਾਰੇ ਬੋਰਡ ਜਾਂ ਕਿਸੇ ਕਬੀਲੇ ਵਲੋਂ ਜਾਰੀ ਕੀਤਾ ਗਿਆ ਭਾਰਤੀ ਵਿਰਸੇ (ਖ਼ੂਨ) ਬਾਰੇ ਸਰਟੀਫ਼ਿਕੇਟ (CDIB), ਜੇ CDIB ਵਿੱਚ ਕਬਾਇਲੀ ਰਜਿਸਟ੍ਰੇਸ਼ਨ ਦੀ ਜਾਣਕਾਰੀ ਸ਼ਾਮਿਲ ਹੈ।
- ਸਿਹਤ ਅਤੇ ਮਨੁੱਖੀ ਸੇਵਾਵਾਂ ਬਾਰੇ ਅਮਰੀਕੀ ਵਿਭਾਗ (HHS) ਤੋਂ ਪੱਤਰ, ਜਿਸ ਵਿੱਚ ਕਬਾਇਲੀ ਮੈਂਬਰਸ਼ਿਪ ਜਾਂ ਅਲਾਸਕਾ ਦੇ ਮੂਲ ਵਸਨੀਕ ਸ਼ੇਅਰਧਾਰਕ ਦੇ ਦਰਜੇ ਦੇ ਅਧਾਰ 'ਤੇ ਕਬਾਇਲੀ ਛੋਟ ਦਿੱਤੀ ਗਈ ਹੋਵੇ।
- ਫ਼ੀ ਵਿਅਕਤੀ ਭੁਗਤਾਨ ਦੀ ਪਰਚੀ ਜਾਂ ਸਟੇਟਮੈਂਟ।